# ਵਰਿਆਮ

ਜਨਵਰੀ ੧੯੯੪

ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਦਾ ਕਦੇ ਨ ਹੋਵੀ ਭਲਾ ॥
ਓਸ ਦੈ ਆਖਿਐ ਕੋਈ ਨ ਲਗੈ ।
ਨਿਤ ਓਜਾੜੀ ਪੂਕਾਰੇ ਖਲਾ ॥

—ਗੁਰੂ ਰਾਮਦਾਸ ਜੀ

ਦੂਜਿਆਂ ਲਈ ਜਿਸ ਦੇ ਅੰਦਰ ਈਰਖਾ ਹੈ ਉਸ ਦਾ ਭਲਾ ਕਦੇ ਵੀ ਨਹੀਂ ਹੁੰਦਾ ।
ਉਸ ਦਾ ਬਚਨ ਕੋਈ ਵੀ ਨਹੀਂ ਮੰਨਦਾ ।
ਉਸ ਦੀ ਪੁਕਾਰ ਇਵੇਂ ਹੈ ਜਿਸ ਤਰ੍ਹਾਂ ਕੋਈ ਉਜਾੜ ਵਿਚ ਸਹਾਇਤਾ ਲਈ ਪੁਕਾਰਦਾ ਹੈ ।
(ਡਾ: ਬਲਬੀਰ ਸਿੰਘ-ਨਿਰੁਕਤ ਸ੍ਰੀ ਗੁਰੂ ਗਰੰਥ ਸਾਹਿਬ ਪਰਚੀ-੮੨੩)

Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA




Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS
(SINGLE & DOUBLE BARRELS) 12-BORE GUNS
ALSO SALE & PURCHASES OF
INDIAN & IMPORTED (12-Bore Guns, Revolvers/Pistols N. P· Bore) Guns
Also Repairers of all Types of Guns



**Once Purchased Ever Purchased**

Best Quality of The Day is Our Motto
Contact Us With Full Confidance :

Hallo : Factory : 33810
Resi : (PP)

# Free India Gun Manufacturers

Prop : S. KARTAR SINGH (JAMMU-WALE)
6 Industrial Estate, Ashok Nagar,
Jammu Cantt.-3

Sister Concern :
M/s KARTAR SINGH
ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

https://archive.org/details/namdhari

GRAMS MATHARU P. O. Box 64 Ph. 2527
Mfg. : Rice Bran Extraction Plant Accessories

**Matharu Engineering Works**

MATHARU TRADING COMPANY

Partner—S. Swaran Singh Matharu

Works :
Near Char Batti Chowk
Sultanpur Road, Kapurthala.

Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ

ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ।
ਫੋਨ : 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**
**Narinder Singh Saggu**

**TECHNO INDUSTRIES**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E. D. 311, Old Railway Road,
JALANDHAR-144 001.

Manufacturers of :
ALL KINDS OF WOODEN FURNITURE

**PARTAP**
**Furnishers & Packers**

Phone : 5441481
Showroom : B-204, Mansrover Garden,
NEW DELHI-110015.
Works : A-3, Sudershan Park,
NEW DELHI-15.



Sri Satguru Jagjit Singh Ji eLibrary NamdhariElibrary@gmail.com

https://archive.org/details/namdhari


# ਵਰਿਆਮ

ਜਨਵਰੀ-੧੯੯੪ ਜਿਲਦ-੧੯ ਅੰਕ—੩


ਤਤਕਰਾ


ਖਿਲਰੇ ਪੱਤਰੇ-ਜਗਦੀਸ਼ ਸਿੰਘ ੫

ਆਪਣਾ ਆਪਣਾ ਹਿਸਾ (ਕਹਾਣੀ) ਵਰਿਆਮ ਸਿੰਘ ਸੰਧੂ ੭

ਸਤਿਗੁਰ ਸਿਖ ਕੀ ਕਰੇ ਪ੍ਰਤਿਪਾਲ-
ਰਾਜਿੰਦਰ ਸਿੰਘ ੧੨

ਚੋਜ ਅਟਲ ਪ੍ਰਤਾਪੀ ਦੇ-ਸੁਰਜੀਤ ਖੁਰਸ਼ੀਦੀ ੧੬

ਵਾਤਾਵਰਣ ਦੀ ਨਿਰਮਲਤਾ ਤੇ ਮਨੁਖੀ ਸਿਹਤ ੧੮

ਕੂਕਿਆਂ ਦੀ ਵਾਰ-ਹਰਸਾ ਸਿੰਘ ਚਾਤਰ ੨੧



☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ ।

ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੫.੦੦ ਰੁਪਏ |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੩੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |

ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।


## ਪੰਜਾਬੀ ਸਪਤਾਹ

ਵਰਿਆਮ ਦੇ ਪਿਛਲੇ ਅੰਕ ਦੀ ਸੰਪਾਦਕੀ ਵਿਚ ਹੀ ਅਸਾਂ ਭਾਸ਼ਾ ਵਿਭਾਗ ਪੰਜਾਬ ਵਲੋਂ ਦਿਤੇ ਸਨਮਾਨਾਂ ਦਾ ਭਰਪੂਰ ਸੁਆਗਤ ਕੀਤਾ ਸੀ । ਪੰਜਾਬ ਸਰਕਾਰ ਨੇ ਪੂਰਾ ਹਫਤਾ ਪੰਜਾਬੀ ਸਪਤਾਹ ਵਜੋਂ ਮਨਾਇਆ ਸੀ । ਥਾਂ ਥਾਂ ਤੇ ਸਾਹਿਤਕ ਸਮਾਗਮ ਗੋਸ਼ਟੀਆਂ ਕੇ ਕਵੀ ਦਰਬਾਰ ਹੋਏ ਸਨ । ਅਖ਼ਬਾਰਾਂ ਵਿਚ ਵਿਸ਼ੇਸ਼ ਇਸ਼ਤਿਹਾਰ ਦਿਤੇ ਗਏ ਸਨ । ਇਸ ਹਫਤੇ ਦੀਆਂ ਖਬਰਾਂ ਪੜ੍ਹਕੇ ਮਨ ਨੂੰ ਲਗਾ ਕਿ ਚਲੋ ਸਰਕਾਰ ਆਖਰ ਲੇਖਕਾਂ ਦਾ ਉਲਾਹਮਾ ਲਾ ਦਿਤਾ ਹੈ । ਉਹਨਾਂ ਦੇ ਉਠਾਏ ਮੁਦਿਆਂ ਦਾ ਜ਼ਿਕਰ ਤਾਂ ਹੋਣ ਲਗਾ ਹੈ । ਵਜ਼ੀਰ ਅਮੀਰ ਹਰ ਥਾਂ ਇਹ ਤਾਂ ਕਹਿੰਦੇ ਤਾਂ ਹਨ ਕਿ ਪੰਜਾਬੀ ਬੜੀ ਮਿਠੀ ਜ਼ਬਾਨ ਹੈ ।

ਇਕ ਕਵੀ ਦਰਬਾਰ ਜਲੰਧਰ ਸ਼ਹਿਰ ਵਿਚ ਵੀ ਹੋਇਆ । ਇਸਦਾ ਨਾਮ ਹਸਦੀ ਗਾਉਂਦੀ ਤੇ ਰੁਮਕਦੀ ਸ਼ਾਮ ਰਖਿਆ ਗਿਆ । ਇਸ ਵਿਚ ਮਹਿਕਮੇ ਦੇ ਡਾਇਰੈਕਟਰ ਵੀ ਆਏ ਅਤੇ ਪੰਜਾਬ ਦੇ ਮੰਤਰੀ ਵੀ ਆਏ । ਡਾਇਰੈਕਟਰ ਸਾਹਿਬ ਨੇ ਆਪਣੀ ਤਕਰੀਰ ਵਿਚ ਦਸਿਆ ਕਿ 'ਹਸਦੀ' ਸ਼ਾਮ ਤੋਂ ਭਾਵ ਹੈ ਹਾਸ ਵਿਅੰਗ ਦੀ ਕਵਿਤਾ ਤੋਂ, ਗਾਉਂਦੀ ਸ਼ਾਮ ਤਰਨਮ ਵਿਚ ਕਵਿਤਾ ਉਚਾਰਨ ਵਾਲਿਆਂ ਤੋਂ ਹੈ ਅਤੇ 'ਰੁਮਕਦੀ' ਸ਼ਾਮ ਖੁਲੀ ਕਹਿਣ ਤੋਂ ਹੈ । ਅਸੀਂ ਗਲ ਜੋ ਕਹਿਣੀ ਹੈ ਉਹ ਕਵੀ ਦਰਬਾਰ ਦੀ ਕੁਆਲਟੀ ਬਾਰੇ ਨਹੀਂ ਸਗੋਂ ਹੋਰ ਕਹਿਣਾ ਚਾਹੁੰਦੇ ਹਾਂ ।

ਦੋ ਦਿਨ ਪਹਿਲਾਂ ਭਾਸ਼ਾ ਵਿਭਾਗ ਦਾ ਪਟਿਆਲੇ ਵਿਚ ਧੂਮ ਧੜਕੇ ਨਾਲ ਸਟੇਟ ਪਧਰ ਦਾ ਸਨਮਾਨ ਸਮਾਰੋਹ ਹੋਇਆ ਜਿਸ ਵਿਚ ਇਕਵੰਜਾ ਹਜ਼ਾਰ ਅਤੇ ਇਕੀ ਇਕੀ ਹਜ਼ਾਰ ਦੇ ਇਨਾਮ ਸਨਮਾਨ ਦਿਤੇ ਗਏ ਸਨ । ਇਹਨਾਂ ਸਤਿਕਾਰੇ ਹੋਏ ਵਿਅਕਤੀਆਂ ਚੋਂ ਇਕ ਸ਼ਰੋਮਣੀ ਪੱਤਰਕਾਰ ਸ: ਗੁਰਬਖਸ਼ ਸਿੰਘ ਬੰਨੋਆਣਾ ਵੀ ਇਹ ਕਵੀ ਦਰਬਾਰ ਸੁਨਣ ਆਏ ਸਨ । ਸ਼ਾਇਦ ਭਾਸ਼ਾ ਵਿਭਾਗ ਵਲੋਂ ਸਨਮਾਨੇ ਹੋਣ ਕਰਕੇ ਉਹ ਬਹੁਤ ਸਰਦੀ ਵਿਚ ਵੀ ਆਏ ਸਨ (ਅਤੇ ਉਸ ਸਰਦੀ ਨੇ ਅਜੇ ਉਹਨਾਂ ਦਾ ਪਿੱਛਾ ਨਹੀਂ ਛੱਡਿਆ ।) ਅਸੀਂ ਉਡੀਕਦੇ ਰਿਹੇ ਕਿ ਹੁਣ ਵੀ ਆਵਾਜ਼ ਪੈਂਦੀ ਹੈ ਕਿ ਬੰਨੋਆਣਾ ਜੀ ਅਗੇ ਆ ਜਾਣ ਜਾਂ ਅਸੀਂ ਸ਼ਰੋਮਣੀ ਪੱਤਰਕਾਰ ਦਾ ਇਥੇ ਸੁਆਗਤ ਕਰਦੇ ਹਾਂ ਪਰ ਕੋਈ ਗਲ ਨਹੀਂ ਹੋਈ । ਬੰਨੋਆਣਾ ਸਾਹਿਬ ਪਿਛੇ ਬੈਠੇ ਰਹੇ ਅੰਤ ਉੱਠ ਕੇ ਚਲੇ ਗਏ । ਜਦੋਂ ਬਾਹਰ ਆਏ ਤਾਂ ਇਕ ਹੋਰ ਸਨਮਾਨਤ ਵਿਅਕਤੀ ਸ੍ਰੀ ਡੀ. ਡੀ. ਸਵਿਤੋਜ ਦੂਰਦਰਸ਼ਨ



Sri Satguru Jagjit Singh Ji eLibrary NamdhariElibrary@gmail.com

ਵਾਲੇ ਬਾਹਰ ਹੀ ਖੜੇ ਸਨ ।

ਥੋਹੜੇ ਦਿਨਾਂ ਬਾਅਦ ਹੀ ਭਾਰਤ ਦਾ ਗਣਤੰਤਰ ਦਿਵਸ ਸੀ। ਦੇਸ਼ ਦੀ ਰਾਜਧਾਨੀ ਤੋਂ ਲੈ ਕੇ ਹਰ ਜ਼ਿਲਾ ਪਧਰ ਤੇ ਸਰਕਾਰੀ ਸਮਾਰੋਹ ਹੋਏ ਜਿਨ੍ਹਾਂ ਦਾ ਵਿਆਪਕ ਪਧਰ ਤੇ ਪਰਚਾਰ ਹੋਇਆ। ਭਰੇ ਹੋਏ ਸਟੇਡੀਅਮ ਅਸੀਂ ਦੂਰ ਦਰਸ਼ਨ ਤੇ ਵੇਖੇ। ਅਜਿਹਾ ਇਕ ਸਮਾਗਮ ਜਲੰਧਰ ਵਿਚ ਵੀ ਹੋਇਆ।

ਅਸਾਂ ਬੰਨੋਆਣਾ ਜੀ ਨੂੰ ਪੁਛਿਆ ਤੁਸੀਂ ਗਣਤੰਤਰ ਦਿਵਸ ਤੇ ਗਏ ਸੀ ਕਹਿਣ ਲਗੇ ਨਹੀਂ। ਅਸੀਂ ਪੁਛਿਆ ਕਿਉਂ ਨਹੀਂ ਗਏ ? ਉਹਨਾਂ ਦਸਿਆ ਕਿਸੇ ਸਦਿਆ ਹੀ ਨਹੀਂ। ਭਾਵ ਕਾਰਡ ਤਕ ਨਹੀਂ ਭੇਜਿਆ।

ਲੋਕ ਰਾਜ ਦਾ ਦਿਨ ਹੋਵੇ ਰੌਣਕਾਂ ਭਰਪੂਰ। ਜੇ ਲੋਕਾਂ ਦੇ ਅਤੇ ਸਰਕਾਰ ਦੇ ਸਨਮਾਨੇ ਲੇਖਕਾਂ ਪਤਰਕਾਰਾਂ ਦਾ ਕਿਸੇ ਨੂੰ ਚੇਤਾ ਵੀ ਨਹੀਂ ਆਉਂਦਾ ਤਾਂ ਕਾਹਦਾ ਲੋਕ ਰਾਜ ਹੈ। ਉਹ ਕੌਣ ਲੋਕ ਹੁੰਦੇ ਹਨ ਜਿਨ੍ਹਾਂ ਨਾਲ ਸਟੇਡੀਅਮ ਭਰੇ ਹੁੰਦੇ ਹਨ।

ਕੁਝ ਸਾਲ ਪਹਿਲਾਂ ਗਵਰਨਰੀ ਰਾਜ ਵੇਲੇ ਵੀ ਯਕ ਦਮ ਸਰਕਾਰ ਨੂੰ ਅਜਿਹਾ ਖਿਆਲ ਆਇਆ ਕਿ ਪੰਜਾਬੀ ਦੇ ਲੇਖਕਾਂ ਕੋਲੋਂ ਪੰਜਾਬੀ ਦਿਵਸ ਤੇ ਲੋਕਾਂ ਨੂੰ ਸੌਹਾਂ ਚੁਕਵਾਈਆਂ ਜਾਣ। ਪਟਿਆਲੇ ਮੁਖ ਸਮਾਰੋਹ ਵਿਚ ਬਜ਼ੁਰਗ ਲੇਖਕ ਸੰਤ ਸਿੰਘ ਸੇਖੋਂ ਹੋਰਾਂ ਨੇ ਇਹ ਸੌਂਹ ਚੁਕਾਈ ਕੌਮੀ ਏਕਤਾ ਅਤੇ ਅਮਨ ਵਾਸਤੇ। ਜਲੰਧਰ ਵਿਚ ਇਹ ਸੇਵਾ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਹੋਣ ਕਰਕੇ ਸਾਨੂੰ ਦਿਤੀ ਗਈ। ਉਸ ਦਿਨ ਵੇਖਿਆ ਕਿ ਜ਼ਿਲੇ ਦੀ ਸਾਰੀ ਅਫਸਰਸ਼ਾਹੀ ਮੈਜਿਸਟਰੇਸੀ ਪੁਲਿਸ ਅਤੇ ਸਿਵਲ ਸਮੇਤ ਨੂੰ ਸੌਂਹ ਇਕ ਲੇਖਕ ਚੁਕਾ ਰਿਹਾ ਹੈ। ਅਸੀਂ ਡੀ. ਸੀ. ਸਾਹਿਬ ਨੂੰ ਕਿਹਾ (ਕੁਝ ਹੋਰ ਪਰਮੁਖ ਲੇਖਕ ਵੀ ਨਾਲ ਸਨ) ਕਿ ਤੁਹਾਡੇ ਕਿਸੇ ਵੀ ਪ੍ਰੋਗਰਾਮ ਵਿਚ ਇਹ ਲੇਖਕ ਮਨਫੀ ਕਿਉਂ ਹੁੰਦੇ ਹਨ ? ਉਹਨਾਂ ਕੋਲ ਕੋਈ ਜੁਆਬ ਨਹੀਂ ਸੀ ਪਰ ਉਹਨਾਂ ਕਿਹਾ ਕਿ ਅਗੋਂ ਤੋਂ ਖਿਆਲ ਰਖਾਂਗੇ। ਉਂਝ ਇਹ 'ਖਿਆਲ' ਲੇਖਕਾਂ ਲਈ ਕੋਈ ਵਧੀਆ ਗਲ ਨਹੀਂ।

ਉਪ੍ਰੋਕਤ ਗੱਲਾਂ ਇਸ ਕਰਕੇ ਨਹੀਂ ਲਿਖੀਆਂ ਗਈਆਂ ਕਿ ਸਾਨੂੰ ਇਹਨਾਂ ਸਮਾਰੋਹਾਂ ਦੇ ਸੱਦੇ-ਪੱਤਰ ਆਇਆ ਕਰਨ। ਸਰਕਾਰ ਇਹ ਕਰ ਸਕਦੀ ਹੈ। ਇਸ ਤੋਂ ਵਧ ਵੀ ਕਰ ਸਕਦੀ ਹੈ। ਪਰ ਕਰੇਗੀ ਉਦੋਂ ਹੀ ਜਦੋਂ ਇਸ ਗੱਲ ਨੂੰ ਪਰਚਾਰ ਵਾਸਤੇ ਵਰਤਣਾ ਹੋਵੇ। ਅਸਾਂ ਤਾਂ ਇਹ ਗੱਲ ਇਸ ਵਾਸਤੇ ਲਿਖੀ ਹੈ ਤਾਂ ਕਿ ਸਰਕਾਰ ਦਾ ਦ੍ਰਿਸ਼ਟੀਕੋਣ ਸਪਸ਼ਟ ਹੋਵੇ। ਪੰਜਾਬ ਸਰਕਾਰ ਪੰਜਾਬੀ ਦੇ ਨਾਮ ਤੇ ਪੈਸੇ ਤਾਂ ਬਹੁਤ ਖਰਚ ਕਰ ਸਕਦੀ ਹੈ, ਪਰ ਸਨਮਾਨ ? ਉਹਦਾ ਵਾਸਤਾ ਤਾਂ ਦਿਲ ਨਾਲ ਹੁੰਦਾ ਹੈ।

ਅਜੇ ਇਹਨਾਂ ਪੰਜਾਬੀ ਸਮਾਰੋਹਾਂ ਦੀਆਂ ਖਬਰਾਂ ਦੀ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਮੁਖ ਮੰਤਰੀ ਸਾਹਿਬ ਨੇ ਜਲੰਧਰ ਵਿਚ ਆਪ ਤਕਰੀਰ ਹਿੰਦੀ ਵਿਚ ਕੀਤੀ। ਕਿਹੜੀ ਗੱਲ ਸੀ ਜਿਹੜੀ ਪੰਜਾਬੀ ਵਿਚ ਨਹੀਂ ਸੀ ਆਖੀ ਜਾ ਸਕਣੀ। ਆਰੀਆ ਸਮਾਜ ਦੇ ਕੰਮਾਂ ਦੀ ਤਾਰੀਫ ਵੀ ਪੰਜਾਬੀ ਵਿਚ ਵਧੀਆ ਹੋਣੀ ਸੀ। ਇਥੇ ਹੀ ਹਿੰਦੀ ਨੂੰ ਪੰਜਾਬ ਦੀ ਦੂਜੀ ਭਾਸ਼ਾ ਦੀ ਗੱਲ ਵੀ ਕਹੀ ਗਈ। ਅਜੇ ਤਾਂ ਪੰਜਾਬੀ ਨੂੰ ਹੀ ਸਹੀ ਅਰਥਾਂ ਵਿਚ ਪਹਿਲਾ ਦਰਜਾ ਨਹੀਂ ਮਿਲਿਆ। ਪੰਜਾਬ ਵਿਚ ਹਿੰਦੀ ਦਾ ਦੁਸ਼ਮਣ ਕੌਣ ਹੈ ? ਹਿੰਦੀ ਦੇਸ਼ ਦੀ ਸੰਪਰਕ ਭਾਸ਼ਾ ਹੈ। ਜੋ ਹਿੰਦੀ ਨਹੀਂ ਪੜ੍ਹੇਗਾ ਉਹ ਕਿਸੇ ਥਾਂ ਜੋਗਾ ਨਹੀਂ ਰਹੇਗਾ। ਇਸੇ ਲਈ ਸਾਰੇ ਪੜ੍ਹ ਰਹੇ ਹਨ। ਅਸੀਂ ਮੁਖ ਮੰਤਰੀ ਜੀ ਨੂੰ ਬੜੇ ਸਤਿਕਾਰ ਨਾਲ ਕਹਿਣਾ ਚਾਹਾਂਗੇ ਕਿ ਜਿਸ ਮੰਤਵ ਵਾਸਤੇ ਪੰਜਾਬੀ ਸਪਤਾਹ ਮਨਾਇਆ ਸੀ ਉਹ ਮੰਤਵ ਪੂਰਾ ਕਰ ਲਵੋ।

—ਜਗਦੀਸ਼ ਸਿੰਘ

## ਵਰਿਆਮ ਸਿੰਘ ਸੰਧੂ ਦੀ ਕਹਾਣੀ

'ਵਰਿਆਮ' ਦੇ ਵਰਿਆਮ ਸਿੰਘ ਸੰਧੂ ਅੰਕ ਨੂੰ ਪੜ੍ਹਕੇ ਜਾਂ ਉਸ ਬਾਰੇ ਚਰਚਾ ਸੁਣ ਕੇ ਬਹੁਤ ਸਾਰੇ ਪਾਠਕਾਂ ਨੇ ਇਹ ਸੁਝਾਇਆ ਹੈ ਕਿ ਉਸ ਦੀਆਂ ਕਹਾਣੀਆਂ ਵੀ ਪੜ੍ਹਾਈਆਂ ਜਾਣ। ਅਸੀਂ ਵਿਸ਼ੇਸ਼ ਅੰਕ ਵਿਚ ਨਮੂਨੇ ਦੀਆਂ ਕਹਾਣੀਆਂ ਛਾਪਣੀਆਂ ਚਾਹੁੰਦੇ ਸਾਂ ਪਰ ਉਦੋਂ ਕਹਾਣੀਆਂ ਦੇ ਆਕਾਰ ਨੇ ਸਾਡਾ ਰਾਹ ਰੋਕ ਲਿਆ। ਅਸੀਂ ਕਹਾਣੀਆਂ ਵਿਚੋਂ ਕੁਝ ਟੋਟੇ ਦੇ ਸਕੇ ਸਾਂ। ਪਾਠਕਾਂ ਦੀ ਮੰਗ ਤੇ ਇਸ ਵਾਰ ਉਹਨਾਂ ਦੀ ਇਕ ਕਹਾਣੀ ਛਾਪ ਰਹੇ ਹਾਂ 'ਆਪਣਾ ਆਪਣਾ ਹਿੱਸਾ'। ਬਹੁਤ ਲੋਕਾਂ ਨੇ ਅਗੇ ਇਹ ਪੜ੍ਹੀ ਹੋਵੇਗੀ ਪਰ ਇਸ ਦੇ ਬਾਵਜੂਦ ਹਜ਼ਾਰਾਂ ਲੋਕ ਇਸ ਨੂੰ ਪਹਿਲੀ ਵਾਰ ਹੀ ਪੜ੍ਹਣਗੇ। ਇਹ ਕਹਾਣੀ ਸੰਧੂ ਸਾਹਿਬ ਦੀਆਂ ਲੰਮੀਆਂ ਕਹਾਣੀਆਂ 'ਭੱਜੀਆਂ ਬਾਹੀਂ' ਜਾਂ 'ਵਾਪਸੀ' ਜਿੰਨੀ ਮਸ਼ਹੂਰ ਤਾਂ ਨਹੀਂ, ਪਰ ਕਿਰਸਾਣੀ ਗਰੀਬੀ ਦਾ ਇਕ ਯਥਾਰਥ ਪੇਸ਼ ਕਰਦੀ ਮਨ ਨੂੰ ਬਹੁਤ ਟੁੰਬਦੀ ਵੀ ਹੈ ਅਤੇ ਸਫੇ ਵੀ ਘੱਟ ਮੱਲਦੀ ਹੈ। ਦੇਸ਼ ਵਿਦੇਸ਼ ਦੇ ਸਾਹਿਤ ਵਿਚੋਂ ਚੰਗੀਆਂ ਚੋਣਵੀਆਂ ਕਹਾਣੀਆਂ/ਰਚਨਾਵਾਂ ਅਸੀਂ ਪਾਠਕਾਂ ਦੇ ਸਨਮੁਖ ਰਖਣ ਦਾ ਜਤਨ ਕਰਦੇ ਰਹਾਂਗੇ।

ਜਗਦੀਸ਼ ਸਿੰਘ


Sri Satguru Jagjit Singh Ji eLibrary NamdhariElibrary@gmail.com

# ਖਿਲਰੇ ਪੱਤਰੇ

ਸਾਡੇ ਘਰ ਇਕ ਪੁਰਾਣਾ ਸਾਇਕਲ ਹੈ। ਪੁਰਾਣਾ ਭਾਵ ਸੰਨ ਸੰਤਾਲੀ ਤੋਂ ਪਹਿਲਾਂ ਦਾ। ਅਸਲ ਵਿਚ ਇਹ ਸਾਇਕਲ ਦਾ ਢਾਂਚਾ ਹੈ। ਜਦੋਂ ਬਾਹਰੋਂ ਨਵੀਆਂ ਆਈਆਂ ਫ਼ਜ਼ੂਲ ਚੀਜ਼ਾਂ ਦਾ ਜ਼ੋਰ ਵਧਦਾ ਹੈ ਤਾਂ ਪੁਰਾਣੀਆਂ ਵਾਧੂ ਵਸਤਾਂ ਬਾਹਰ ਸੁਟਣ ਦੀ ਵਾਰੀ ਆਉਂਦੀ ਹੈ। ਉਦੋਂ ਇਸ ਸਾਇਕਲ ਦੀ ਸਦਾ ਹੀ ਸ਼ਾਮਤ ਆਉਂਦੀ ਹੈ। ਬੱਚੇ ਕਹਿੰਦੇ ਨੇਂ ਇਹਨੂੰ ਬਾਹਰ ਸੁਟੋ, ਮਾਤਾ ਆਖਦੀ ਹੈ ਇਹ ਕਬਾੜੀਏ ਨੂੰ ਦੇ ਦਿਓ—ਪਰ ਹਰ ਵਾਰ ਇਹ ਸਾਇਕਲ ਬਾਹਰ ਜਾਣੋਂ ਰਹਿ ਜਾਂਦਾ ਹੈ। ਇਹ ਸਾਈਕਲ ਕਈ ਸਾਲ ਤਾਂ ਪੁਰਾਣਿਆਂ ਵੇਲਿਆਂ ਦੇ ਸਾਡੇ ਮਕਾਨ ਦੇ ਢਾਰੇ ਵਿਚ ਪਿਆ ਰਿਹਾ।-ਫੇਰ ਇਹਨੂੰ ਕਈ ਵਰ੍ਹੇ ਰਸੋਈ ਦਾ ਧੂੰਆਂ ਖਾਂਦਾ ਰਿਹਾ। ਅੱਜ ਕਲ੍ਹ ਕੋਠੇ ਦੀ ਛੱਤ ਤੇ ਪਿਆ ਹੈ। ਗਰਮੀਆਂ ਸਰਦੀਆਂ ਬਰਸਾਤਾਂ ਤੇ ਧੁਪਾਂ ਸਹਾਰਦੇ ਦੇ ਟਾਇਰ ਟਿਊਬਾਂ ਗਾਇਬ ਹੋ ਗਏ ਨੇ। ਜੰਗਾਲ ਲਗ ਲਗ ਕੇ ਇਹ ਆਕੜ ਗਿਆ ਹੈ......ਸ਼ਾਇਦ ਅਲੋਪ ਹੋਣ ਦੇ ਰਾਹ ਤੇ ਹੈ। ਇਹਨੂੰ ਵੇਖਕੇ ਮੈਨੂੰ ਤਾਂ ਫ਼ਰੀਦ ਜੀ ਦੇ ਸਲੋਕ ਦੀ ਇਕ ਤੁਕ ਯਾਦ ਆ ਜਾਂਦੀ ਹੈ—ਫਰੀਦਾ ਤਨੁ ਸੁਕਾ ਪਿੰਜਰੁ ਥੀਆ......

ਇਹਦੇ ਟਿਕੇ ਰਹਿਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੇਰੇ ਬਚਪਨ ਨਾਲ ਵਾਸਤਾ ਰਹਿਣ ਕਾਰਨ ਇਹ ਮੇਰੀ ਮਾਨਸਿਕਤਾ ਦਾ ਅੰਗ ਬਣ ਗਿਆ ਹੋਵੇ। ਜਦੋਂ ਦੀ ਗੱਲ ਮੈਂ ਕਰਦਾ ਹਾਂ ਉਦੋਂ ਤਾਂ ਹਰ ਆਦਮੀ ਕੋਲ ਸਾਇਕਲ ਵੀ ਨਹੀਂ ਸੀ ਹੁੰਦਾ। ਮੈਂ ਅੱਖੀਂ ਵੇਖਿਆ ਸੀ ਕਿ ਜੇ ਕਿਤੇ ਪਿੰਡ ਵਿਚ ਸਾਇਕਲ ਆ ਜਾਣਾ ਤਾਂ ਸਾਡੇ ਪਿੰਡ ਦੇ ਸਾਰੇ ਮੁੰਡੇ ਮਗਰ ਦੌੜੇ ਫਿਰਦੇ ਸੀ। ਇਹਨੂੰ ਕਲਾ ਦਾ ਘੋੜਾ ਕਹਿੰਦੇ। ਇਹ ਪਾਕਿਸਤਾਨ ਬਣਨ ਤੋਂ ਪਹਿਲਾਂ ਦੀਆਂ ਗੱਲਾਂ ਹਨ। ਮੇਰੀ ਸੂਝ ਦੇ ਸਫਰ ਦੇ ਮੁਢਲੇ ਪੜਾਅ ਦੀਆਂ ਗੱਲਾਂ। ਮੇਰੇ ਪਿਤਾ ਜੀ ਦੱਸਦੇ ਹਨ ਕਿ ਇਹ ਸਾਇਕਲ ਉਹਨਾਂ ੧੫ ਰੁਪਏ ਵਿਚ ਖਰੀਦਿਆ ਸੀ। ਉਸ ਵੇਲੇ ੧੫ ਰੁਪਏ ਸਾਇਕਲ ਤੇ ਖਰਚਣੇ ਸ਼ਾਹ ਖਰਚੀ ਸਮਝੀ ਜਾਂਦੀ ਸੀ। ਮੇਰੇ ਪਿਤਾ ਜੀ ਜਦੋਂ ਸਾਰੀ ਦਿਹਾੜੀ ਤਰਖਾਣੇ ਕੰਮ ਤੇ ਲਾ ਕੇ ਘਰ ਮੁੜਦੇ ਤਾਂ ਉਹ ਨਾਲ ਲਿਆਂਦਾ ਲੱਕੜੀ ਦੇ ਸੱਕਾਂ ਵਾਲਾ ਝੋਲਾ ਵੀ ਨਾ ਉਤਾਰਦੇ ਤਾਂ ਮੈਂ ਜ਼ਿੱਦੇ ਪੈ ਜਾਂਦਾ ਕਿ ਮੈਨੂੰ ਹੁਣੇ ਹੂਟਾ ਦਿਓ। ਉਹ ਸਾਈਕਲ ਦਾ ਝੂਟਾ ਮੈਨੂੰ ਸੱਤ ਬਹਿਸ਼ਤਾਂ ਤੋਂ ਵੀ ਪਿਆਰਾ ਲਗਦਾ।

ਮੈਂ ਆਪ ਇਹ ਸਾਇਕਲ ਚਲਾ ਨਾ ਸਕਦਾ, ਪਰ ਮੈਨੂੰ ਸੁਪਨੇ ਆਉਣੇ ਕਿ ਮੈਂ ਸਾਇਕਲ ਤੇ ਉਡਿਆ ਜਾ ਰਿਹਾ ਹਾਂ ਅਤੇ ਦੁਨੀਆਂ ਮੈਨੂੰ ਸਧਰਾਂ ਨਾਲ ਵੇਖ ਰਹੀ ਹੈ ਕਦੀ ਮੇਰਾ ਜੀਅ ਕਰਨਾ ਕਿ ਮੇਰੇ ਕੋਲ ਕੋਈ ਛੋਟਾ ਜਿਹਾ ਸਾਇਕਲ ਹੋਵੇ ਤੇ ਮੈਂ ਮਨ ਦੀਆਂ ਰੀਝਾਂ ਲਾਹ ਲਵਾਂ। ਬਾਲ ਮਨ ਦੀ ਰੀਝ ਵੀ ਕਿਆ ਚੀਜ਼ ਹੁੰਦੀ ਹੈ।

ਇਕ ਵਾਰ ਕਾਫੀ ਦੇਰ ਬਾਅਦ ਇਹ ਰੀਝ ਲਾਹੁਣ ਦਾ ਮੌਕਾ ਮਿਲ ਵੀ ਗਿਆ। ਮੇਰੇ ਮਾਮਾ ਜੀ ਦੇ ਘਰ ਇਕ ਤਿੰਨ ਪਹੀਆਂ ਵਾਲਾ ਬੱਚਾ ਸਾਇਕਲ ਸੀ। ਉਹ ਵੀ ਕਿਤੋਂ ਪੁਰਾਣਾ ਖਰੀਦਕੇ ਜਾਂ ਮੰਗ ਕੇ ਲਿਆਏ ਸਨ। ਮੇਰਾ ਮਸੇਰ ਭਰਾ ਚੰਨਾ ਮੈਥੋਂ ਛੋਟੀ ਉਮਰ ਦਾ ਸੀ। ਉਹ ਕਈਆਂ ਦਿਨਾਂ ਦਾ ਨਾਨਕੇ ਆਇਆ ਹੋਇਆ ਸੀ। ਮੈਂ ਕਦੇ ਕਦੇ ਜਾਂਦਾ ਸੀ। ਬਹੁਤ ਦਿਨ ਤਕ ਮੇਰੀ ਸਾਇਕਲ ਚਲਾਉਣ ਦੀ ਰੀਝ ਪੂਰੀ ਨਾ ਹੋ ਸਕੀ। ਕਰਨਾ ਰੱਬ ਦਾ

> **ਗੈਰ ਸੰਪਾਦਕੀ ਟਿੱਪਣੀ**
>
> ਇਹ ਕੂਲੀਆਂ ਤੇ ਮਲੂਕ ਯਾਦਾਂ ਜੋ ਦਿਲ ਨੂੰ ਧੁਰ ਅੰਦਰ ਤਕ ਛੂਹ ਤੇ ਹਲੂਣ ਜਾਂਦੀਆਂ ਹਨ—ਲਿਖਣ ਲਈ ਮੈਂ ਸ: ਜਗਦੀਸ਼ ਸਿੰਘ ਹੁਰਾਂ ਨੂੰ ਉਚੇਚੇ ਜ਼ੋਰ ਨਾਲ ਆਖਿਆ ਹੈ। ਇਹਨਾਂ ਮੇਰੀ ਬੇਨਤੀ ਮੰਨਦਿਆਂ ਹਰ ਮਹੀਨੇ ਇਸ ਕਾਲਮ ਲਈ ਲਿਖਣ ਦਾ ਵਾਅਦਾ 'ਵਰਿਆਮ' ਦੇ ਪਾਠਕਾਂ ਨਾਲ ਕੀਤਾ ਹੈ।
>
> —ਵਰਿਆਮ ਸਿੰਘ ਸੰਧੂ

ਇਕ ਦਿਨ ਘਰ ਵਿਚ ਹੋਰ ਕੋਈ ਨਹੀਂ ਸੀ ਅਤੇ ਉਹ ਸਾਇਕਲ ਸਾਡੇ ਦੋਹਾਂ ਦੇ ਕਾਬੂ ਆ ਗਿਆ। ਅਸਾਂ ਉਸ ਤੇ ਡਬਲ ਸਵਾਰੀ ਕਰਕੇ ਉਪਰਲੀ ਪੱਕੀ ਛੱਤ ਤੇ ਏਨਾ ਦੁੜਾਇਆ ਕਿ ਉਹ ਵਿਚਾਰਾ ਸਾਇਕਲ ਉਲਾਰ ਹੋ ਕੇ ਡਿੱਗ ਪਿਆ। ਜਦੋਂ ਗਹੁ ਨਾਲ ਵੇਖਿਆ ਤਾਂ ਚਿਮਟੇ ਕੋਲੋਂ ਅਗਲਾ ਪਹੀਆ ਬਿਲਕੁਲ ਵੱਖ ਹੋਇਆ ਪਿਆ ਸੀ। ਫਰੇਮ ਅਗੇ ਹੀ ਵੇਲਡ ਹੋਇਆ ਸੀ ਜਿਥੋਂ ਮੁੜ ਕੇ ਉਹ ਟੁੱਟ ਗਿਆ। ਇਕ ਸਾਇਕਲ ਟੁੱਟ ਗਿਆ ਦੂਸਰਾ ਅਸੀਂ ਚੋਰੀ ਚਲਾਇਆ ਸੀ, ਇਸ ਲਈ ਸਾਡੇ ਸਿਰ ਤੇ ਦੁਖ ਨਮੋਸ਼ੀ ਜ਼ਿਲਤ ਅਤੇ ਫਿਕਰ ਦਾ ਪਹਾੜ ਟੁੱਟ ਪਿਆ। ਹੁਣ ਕੀ ਕਰੀਏ। ਡਾਹਢੀ ਮਾਯੂਸੀ ਦੀ ਹਾਲਤ ਵਿਚ ਇਕੋ ਹੀ ਗਲ ਚੰਗੀ ਸੀ ਕਿ ਕਿਸੇ ਨੇ ਸਾਨੂੰ ਵੇਖਿਆ ਨਹੀਂ ਸੀ। ਸਾਡੀ ਚੋਰੀ ਦਾ ਕੋਈ ਗਵਾਹ ਨਹੀਂ ਸੀ ਇਸੇ ਕਰਕੇ ਸਾਡੇ ਵਿਚ ਹਿੰਮਤ ਆਈ ਅਤੇ ਅਸਾਂ ਦੋਹਾਂ ਉਹ ਸਾਇਕਲ ਚੁਕ ਕੇ ਥੱਲੇ ਲੈ ਆਂਦਾ। ਇਕ ਕਮਰੇ ਦੀ ਨੁੱਕਰ ਵਿਚ ਉਹਨੂੰ ਖੜਾ ਕੀਤਾ। ਜਿਥੋਂ ਟੁੱਟਾ ਸੀ ਉਥੋਂ ਹੀ ਜੋੜ ਕੇ ਮਾੜਾ ਕੁ ਠੁਮਣਾ ਦੇ ਕੇ ਉਹਨੂੰ ਮੁੜ ਖੜਾ ਕਰ ਦਿਤਾ



Sri Satguru Jagjit Singh Ji eLibrary NamdhariElibrary@gmail.com

ਅਸੀਂ ਡਰਦੇ ਮਾਰੇ ਆਪੋ ਅਪਣੇ ਘਰੀਂ ਆ ਗਏ। ਮੈਂ ਤਾਂ ਕਦੇ ਕਦੇ ਜਾਂਦਾ ਸਾਂ ਪਰ ਚੰਨ ਭਾਊ ਤਾਂ ਕਈਆਂ ਦਿਨਾਂ ਦਾ ਨਾਨਕੇ ਰਹਿ ਰਿਹਾ ਸੀ। ਮਾਮਿਆਂ ਸਮਝਿਆ ਕਿ ਘਰ ਜਾਣ ਨੂੰ ਜੀਅ ਕੀਤਾ ਹੋਣੈ ਤੇ ਚਲੇ ਗਿਆ ਹੋਵੇਗਾ। ਚੌਥੇ ਕੁ ਦਿਨ ਮਾਮਾ ਜੀ ਚੰਨ ਦੇ ਘਰ ਗਏ। ਉਹ ਦਸਕੇ ਨਹੀਂ ਸੀ ਆਇਆ ਇਸ ਵਾਸਤੇ ਮਾਮਾ ਜੀ ਨੇ ਹਨੇਰੇ ਨਾਲ ਪੁੱਛਿਆ 'ਉਏ ਚੋਰਾ ਏਧਰ ਆ ਖਾਂ ਚੰਗੀ ਕਰਕੇ ਨੱਸ ਆਇਐਂ''...ਚੰਨ ਅਗੇ ਹੀ ਮਾਮਾ ਜੀ ਦੇ ਆਉਣ ਤੇ ਡਰਿਆ ਹੋਇਆ ਸੀ। ਉਸ ਸੋਚਿਆ ਹੁਣ ਮੇਰੀ ਖੈਰ ਨਹੀਂ। ਉਹ ਫਿੱਸ ਪਿਆ। ਸ਼ਾਇਦ ਦੋਸ਼ ਦਾ ਭਾਰ ਘਟਾਉਣ ਲਈ ਉਹਦੇ ਮੂੰਹੋਂ ਨਿਕਲ ਗਿਆ "ਮੈਂ ਕੋਈ ਕੱਲਾ ਥੋਹੜਾ ਸਾਂ ਦੀਸ਼ਾ ਭਾ ਵੀ ਮੇਰੇ ਨਾਲ ਸੀ।' ਮਾਮਾ ਜੀ ਨੇ ਮਖੌਲ ਨਾਲ ਪੁਛਿਆ 'ਓਏ ਕਿਥੇ ਦੀਸ਼ਾ ਭਾ ਨਾਲ ਸੀ ?' ਅਖੇ ਜਦੋਂ ਸਾਇਕਲ ਟੁੱਟਿਆ ਸੀ। ਮਾਮਾ ਜੀ ਨੂੰ ਸਾਇਕਲ ਬਾਰੇ ਕੁਝ ਪਤਾ ਹੀ ਨਹੀਂ ਸੀ। ਦਰਅਸਲ ਕਿਸੇ ਨੂੰ ਵੀ ਨਹੀਂ ਸੀ ਪਤਾ। ਉਹਨਾਂ ਘਰ ਆ ਕੇ ਵੇਖਿਆ ਸਾਇਕਲ ਕਮਰੇ ਦੀ ਨੁੱਕਰ ਵਿਚ ਠੀਕ ਠਾਕ ਖੜਾ ਸੀ। ਜ਼ਰਾ ਕੁ ਉਹਨੂੰ ਹਿਲਾਇਆ ਤਾਂ ਬਸ ਡਿੱਗ ਪਿਆ।

ਛੱਤ ਤੇ ਪਏ ਸਾਇਕਲ ਨਾਲ ਤਾਂ ਬਹੁਤ ਹੀ ਯਾਦਾਂ ਜੁੜੀਆਂ ਪਈਆਂ ਹਨ। ਇਹ ਤਾਂ ਇਕ ਯੁਗ ਦੀ ਦਾਸਤਾਨ ਦੱਸਦਾ ਹੈ। ਬੀਤੇ ਇਤਿਹਾਸ ਦੀ ਗਲ ਓਨੀ ਕੋਈ ਕਿਤਾਬ ਨਹੀਂ ਦਸਦੀ ਜਿੰਨਾ ਇਹ। ਸੰਨ ਸੰਤਾਲੀ ਦੇ ਘਲੂਘਾਰੇ ਵਿਚ ਇਹਦਾ ਵੀ ਛੋਟਾ ਜਿਹਾ ਰੋਲ ਸੀ ਪਰ ਬੜਾ ਮਹੱਤਵਪੂਰਨ। ਅੱਧੀ ਰਾਤ ਨੂੰ ਜਦੋਂ ਪੰਡਿਤ ਨਹਿਰੂ ਬੋਲ ਰਿਹਾ ਸੀ ਕਿ ਕੌਮਾਂ ਦੀ ਜ਼ਿੰਦਗੀ ਵਿਚ ਇਹ ਦਿਨ ਕਿਤੇ ਹੀ ਆਉਂਦਾ ਹੈ ਜਦੋਂ ਅਸੀਂ ਇਕ ਯੁਗ 'ਚੋਂ ਦੂਸਰੇ ਵਿਚ ਪਰਵੇਸ਼ ਕਰਦੇ ਹਾਂ ਤਾਂ ਉਦੋਂ ਇਹ ਸਾਇਕਲ ਪਗਡੰਡੀਆਂ ਖੇਤਾਂ ਵਿਚ ਸਫਰ ਕਰ ਰਿਹਾ ਸੀ। ਇਹਨੇ ਇਕ ਸਫ਼ਰ ਤੈਅ ਕੀਤਾ ਸੀ ਜਿਸਦਾ ਰਾਹ ਅੱਗ ਲਗੇ ਪਿੰਡਾਂ, ਬੋ ਮਾਰ ਮੁਰਦਿਆਂ, ਚਿੱਕੜਾਂ ਅਤੇ ਦਲਦਲਾਂ ਦੇ ਵਿਚੋਂ ਲੰਘਦਾ ਸੀ। ਜਦੋਂ ਨਾਰੋਵਾਲ ਰੋਡ ਤੇ ਕਾਫ਼ਲਾ ਵੱਢਿਆ ਜਾਣ ਵਾਲਾ ਸੀ ਉਦੋਂ ਵੀ ਨਾਲ ਸੀ ਜਦੋਂ ਸ਼ੂਕਦੀ ਰਾਵੀ ਵਿਚ ਲੋਕੀਂ ਤਿਲਕ ਤਿਲਕ ਕੇ ਡੁੱਬਦੇ ਰਹੇ ਉਦੋਂ ਵੀ ਇਹ ਨਾਲ ਸੀ। ਇਹ ਨਾਲ ਹੀ ਨਹੀਂ ਬਹੁਤ ਭਾਰੀ ਆਸਰਾ ਸੀ। ਜਦੋਂ ਲੋਕਾਂ ਨੇ ਅਪਣਾ ਸਾਰਾ ਸਾਮਾਨ ਹੌਲੀ ਹੌਲੀ ਸੁਟ ਕੇ ਅਪਣੀ ਜਾਨ ਨੂੰ ਹੀ ਹਲਕਿਆਂ ਕਰਕੇ ਦੌੜਨਾ ਸਮਝਿਆ ਜਦੋਂ ਜਣਾ ਖਣਾ ਹੀ ਬੜੀ ਸੌਖ ਨਾਲ ਸਾਇਕਲ ਤੇ ਹਰ ਸਾਮਾਨ ਖੋਹ ਲੈਂਦਾ ਸੀ ਇਹ ਉਦੋਂ ਵੀ ਸਾਡੇ ਨਾਲ ਰਿਹਾ ਹੈ। ਹੈਰਾਨੀ ਹੁੰਦੀ ਹੈ ਕਿ ਕਿਥੇ ਪੋਠੋਹਾਰ ਵਿਚ ਰਾਵਲਪਿੰਡੀ, ਕਿਥੇ ਸਿਆਲਕੋਟ ਦਾ ਪਿੰਡ ਢੇਹ ਕਿਥੇ ਡੇਰਾ ਬਾਬਾ ਨਾਨਕ ਇਸ ਨੇ ਇਹ ਸਾਰਾ ਹੀ ਸਫਰ ਗਾਹਿਆ। ਕਮਾਦਾਂ 'ਚੋਂ ਵਾਰ ਕਰਦੇ ਲੁਟੇਰਿਆਂ ਅਤੇ ਬਿਫਰੀ ਹੋਈ ਬਸੰਤਰ ਨਦੀ ਦੇ ਪਾਣੀ ਤੋਂ ਵੀ ਬਚ ਆਇਆ ਸੀ। ਬੜੇ ਚਿਰ ਪਿਛੋਂ ਇਹ ਮੈਨੂੰ ਸਵਾਰੀ ਲਈ ਮਿਲਿਆ। ਸਕੂਲ ਕਾਲਜ ਦਾ ਵੀ ਇਹ ਮੇਰਾ ਸਾਥੀ ਰਿਹਾ, ਪਰ ਹੁਣ ਇਹ ਗੁਮਨਾਮ ਵਾਧੂ ਜਿਹਾ ਹੋ ਕੇ ਇਵੇਂ ਪਿਆ ਹੈ ਜਿਵੇਂ ਆਜ਼ਾਦੀ ਸੰਗਰਾਮ ਦਾ ਕੋਈ ਸਾਧਾਰਨ ਘੁਲਾਟੀਆ ਸੁੱਤਾ ਹੋਵੇ। ਇਤਿਹਾਸ ਦਾ ਇਕ ਅਵਿਸ਼ੇਸ਼ ਇਕ ਖੰਡਰ ਇਕ ਥੇਹ।

ਸ਼ਾਇਦ ਮੇਰੇ ਅਵਚੇਤਨ ਮਨ ਵਿਚ ਇਹ ਹੀ ਕਾਰਨ ਹੋਵੇ ਕਿ ਜਦੋਂ ਵੀ ਇਸ ਦੇ ਘਰ ਨਿਕਾਲੇ ਦਾ ਪ੍ਰਸਤਾਵ ਆਉਂਦਾ ਹੈ ਤਾਂ ਇਹ ਹੱਦ ਹੋ ਜਾਂਦੀ ਹੈ।

**ਸੰਪਾਦਕੀ ਟਿੱਪਣੀ :**

ਸਿਆਲ ਦੇ ਇਕ ਐਤਵਾਰ ਪ੍ਰੋ: ਵਰਿਆਮ ਸਿੰਘ ਸੰਧੂ ਦੇ ਨਿਵਾਸ ਦੀ ਉਤਲੀ ਛੱਤੇ ਬੜੀ ਵਧੀਆ ਧੁੱਪ ਸੀ। ਸਬੱਬ ਨਾਲ ਅਸੀਂ ਹੈ ਵੀ ਇਕੱਲੇ ਹੀ ਸਾਂ। ਨਿੰਦਿਆ ਚੁਗਲੀ ਤੋਂ ਗੱਲ ਜ਼ਰਾ ਕੁ ਲਾਂਭੇ ਹੋਈ ਤਾਂ ਕਿਸੇ ਪਰਸੰਗ ਦੀ ਲੜੀ ਨਾਰੋਵਾਲ ਰੋਡ ਦੇ ਸਫ਼ਰ ਵਲ ਚਲੀ ਗਈ। ਸੰਧੂ ਸਾਹਿਬ ਦਾ ਆਗ੍ਰਹਿ ਸੀ ਕਿ ਤੁਸੀਂ ਆਪਣੀਆਂ ਯਾਦਾਂ ਲਿਖੋ। ਮੈਂ ਕਿਸੇ ਵੇਲੇ ਕੁਝ ਵਰਕੇ ਲਿਖ ਛੱਡੇ ਸਨ, ਪਰ ਛਾਪੇ ਛਪਵਾਏ ਨਾ ; ਕਿਉਂਕਿ ਮੇਰੀ ਤਸੱਲੀ ਨਹੀਂ ਸੀ। ਇਕ ਦਿਨ ਅਜਿਹਾ ਵਰਕਾ ਸੰਧੂ ਸਾਹਿਬ ਦੇ ਨਜ਼ਰੀਂ ਪੈ ਗਿਆ। ਸੰਧੂ ਸਾਹਿਬ ਜਲਾਲ ਵਿਚ ਆ ਗਏ। ਹੁਣ ਉਹ ਮੇਰੇ ਬਚਪਨ ਦੇ ਮਾਸਟਰ ਬਣ ਗਏ ਤੇ ਮੈਂ ਵਿਦਿਆਰਥੀ। "ਤੁਸੀਂ ਮੁੜ ਕੇ ਲਿਖੋ...ਕਲ੍ਹ ਈ ਮੈਂ ਸਫ਼ਾ ਲਿਖਿਆ ਵੇਖਣੈ ਤੇ ਇਸੇ ਵਰਿਆਮ ਦੇ ਅੰਕ ਵਿਚ ਛਾਪਣੈ। ਲਓ, ਮੈਂ ਟਿੱਪਣੀ ਵੀ ਲਿਖ ਦੇਂਦਾ ਹਾਂ—ਗੈਰ ਸੰਪਾਦਕੀ ਟਿੱਪਣੀ। ਇਹਦਾ ਹੈਡਿੰਗ ਵੀ ਰਖ ਦੇਂਦਾ ਹਾਂ—'ਖਿਲਰੇ ਪੱਤਰੇ'।

ਹੁਣ ਮੈਂ ਸੋਚਾਂ ਕਿ ਇਹ ਬੰਦਾ ਆਪ ਤਾਂ ਕਹਾਣੀ ਲਿਖਦਾ ਕਾਹੜਦਾ ਵਰ੍ਹੇ ਲਾ ਦਿੰਦਾ ਹੈ ਤੇ ਮੈਨੂੰ ਚੌਂਹ ਪਹਿਰਾਂ ਦਾ ਨੋਟਿਸ ਦੇ ਗਿਆ ਹੈ। ਆਰਡਰ ਤੇ ਲਿਖਣਾ ਤਾਂ ਸਗੋਂ ਮੁਸ਼ਕਲ ਹੁੰਦੈ।

ਪਰ ਮੈਂ ਲਿਖਣਾ ਇਸ ਵਾਸਤੇ ਆਰੰਭ ਦਿਤਾ ਤਾ ਕਿ ਮੇਰਾ ਵੀ ਜੁਆਬੀ ਅਧਿਕਾਰ ਸੁਰਖਿਅਤ ਹੋ ਜਾਵੇ। ਭਾਉ ਵਰਿਆਮ ਸਿੰਘ ਸੰਧੂ ਕੋਲੋਂ ਆਰਡਰ ਤੇ ਲਿਖਵਾਉਣ ਦਾ।

—**ਜਗਦੀਸ਼ ਸਿੰਘ**


Sri Satguru Jagjit Singh Ji eLibrary NamdhariElibrary@gmail.com

# ਆਪਣਾ ਆਪਣਾ ਹਿੱਸਾ

—ਵਰਿਆਮ ਸਿੰਘ ਸੰਧੂ

ਮੱਝ ਨੂੰ ਬਾਹਰ ਕੱਢ ਕੇ ਖੁਰਲੀ ਵਿਚ ਤੂੜੀ ਤੇ ਛਟਾਲਾ ਰਲਾਉਂਦਿਆਂ ਘੁੱਦੂ ਨੇ ਮੱਝ ਦੀਆਂ ਨਾਸਾਂ ਵਿਚੋਂ ਉਡਦੀ ਹਵਾੜ ਨੂੰ ਤੱਕਿਆ ਤੇ ਧਾਰ ਕੱਢਣ ਲਈ ਬਾਲਟੀ ਲਿਆਉਣ ਵਾਸਤੇ ਆਵਾਜ਼ ਦਿੱਤੀ, ਫਿਰ ਮੱਝ ਦੇ ਪਿੰਡੇ ਤੇ ਪਾਈ ਗੋਹੇ ਨਾਲ ਲਿਬੜੀ ਪਾਟੀ ਦਰੀ ਨੂੰ ਸੂਤ ਕੀਤਾ ਅਤੇ ਪਾਲੇ ਨਾਲ ਕੰਬਦੇ ਅੰਗਾਂ ਨੂੰ ਕਾਬੂ ਵਿਚ ਕਰਨ ਦੀ ਕੋਸ਼ਿਸ਼ ਕਰਦਾ, ਧੁੰਦ ਵਿਚੋਂ ਦੂਰ ਚੜ੍ਹਦੇ ਸੂਰਜ ਵੱਲ ਵੇਖਣ ਲੱਗਾ। ਪਰ ਧੁੰਦ ਤਾਂ ਸੂਰਜ ਨੂੰ ਇੰਜ ਨੱਪ ਕੇ ਬੈਠੀ ਸੀ, ਜਿਵੇਂ ਕੋਈ ਤਕੜਾ ਭਲਵਾਨ ਮਾੜੇ ਭਲਵਾਨ ਦੀ ਗਿੱਚੀ 'ਤੇ ਗੋਡਾ ਦਿੱਤੀ ਬੈਠਾ ਹੋਵੇ। ਘੁੱਦੂ ਦਾ ਹੱਥ ਸਹਿਜੇ ਹੀ ਉਸ ਦੀ ਧੌਣ 'ਤੇ ਚਲਾ ਗਿਆ। ਕਈ ਸਾਲ ਪਹਿਲਾਂ ਭਲਵਾਨੀ ਕਰਦਿਆਂ ਉਸ ਨੇ ਆਪਣੇ ਉਸਤਾਦ ਜਿੰਦੇ ਪੱਧਰੀ ਵਾਲੇ ਅਤੇ ਹੋਰ ਭਲਵਾਨਾਂ ਦੇ ਗੋਡਿਆਂ ਦੀ ਮਾਰ ਜ਼ੋਰ ਕਰਦਿਆਂ ਤੇ ਘੁਲਦਿਆਂ ਝੱਲੀ ਸੀ। ਉਂਜ ਵੀ ਉਸ ਦੀ ਵਿਸ਼ੇਸ਼ਤਾ ਢਾਹੁਣ ਨਾਲੋਂ ਢਹਿਣ ਵਿਚ ਵਧੇਰੇ ਰਹੀ ਸੀ। ਇਸੇ ਲਈ ਹੀ ਤਾਂ ਉਹਨਾਂ ਦੇ ਪਿੰਡ ਦੇ ਬਾਬੇ 'ਝਰਲ' ਨੇ ਉਹਨੂੰ ਮਖੌਲ ਨਾਲ ਕਿਹਾ ਸੀ, "ਉਏ ਧਰਮਿਆਂ! ਭੈਣ ਦੇਣਿਆਂ ਕਿੱਡਾ ਤੇਰਾ ਸਰੀਰ ਆ। ਜੇ ਰੋਜ਼ ਢਹਿਣ ਦਾ ਹੀ ਕੰਮ ਫੜਨਾ ਸੀ ਤਾਂ ਏਦੂੰ ਚੰਗਾ ਸੀ ਕੰਜਰਾ ਤੇਰੇ ਸਰੀਰ 'ਚੋਂ ਮੱਛੇ ਕਰਕੇ ਦੋ ਬੰਦੇ ਬਣ ਜਾਂਦੇ—ਇਕ ਹੱਲ ਵਾਹਿਆ ਕਰਦਾ ਤੇ ਇਕ ਪੱਠੇ ਪਾਉਂਦਾ। ਰੱਬ ਵੀ ਸਹੁਰੇ ਨੂੰ ਟਕੇ ਦੀ ਅਕਲ ਨ੍ਹੀਂ..." ਤੇ ਸਾਰੇ ਭਰਾਵਾਂ ਚੋਂ ਛੋਟਾ ਧਰਮਾ 'ਘੁੱਦੂ' ਹੀ ਰਹਿ ਗਿਆ ਸੀ। ਹੁਣ ਉਹ ਨਾ ਭਲਵਾਨ ਸੀ ਤੇ ਨਾ ਹੀ ਧੌਣ ਉਤੇ ਕਿਸੇ ਗੋਡੇ ਦਾ ਡਰ। ਪਰ ਫਿਰ ਵੀ ਉਹਨੂੰ ਲੱਗਾ ਉਹਦੀ ਧੌਣ ਜਿਵੇਂ ਪੀੜ ਕਰ ਰਹੀ ਹੋਵੇ। ਉਸ ਦੀ ਧੌਣ 'ਤੇ ਇਹ ਕਿਸਦਾ ਗੋਡਾ ਸੀ!

ਮੱਝ ਚੋਣ ਲਈ ਭਾੜਾ ਤੇ ਬਾਲਟੀ ਲਈ ਆਉਂਦੀ ਭੈਣ ਬਚਨੋ ਜਿਹੜੀ ਮਾਂ ਦੇ ਮਰਨ ਤੇ ਜਿਸ ਦਿਨ ਦੀ ਸਹੁਰਿਉਂ ਆਈ ਸੀ, ਇਥੇ ਹੀ ਸੀ। ਘੁੱਦੂ ਨੂੰ ਬਾਲਟੀ ਫੜਾ ਕੇ ਪੱਠਿਆਂ 'ਤੇ ਆਟਾ ਧੂੜਨ ਲੱਗੀ।

ਘੁੱਦੂ ਮੱਝ ਦੇ ਪਿੰਡੇ 'ਤੇ ਥਾਪੀ ਮਾਰ ਕੇ ਹੇਠਾਂ ਬਹਿ ਗਿਆ।

"ਹੈਂ ਵੀਰਾ ਵੇਖੇਂ ਨਾ ਦੋਵੇਂ ਵੱਡੇ ਭਾਊ ਆਉਣ ਈ ਵਾਲੇ ਨੇ...ਵੱਡਾ ਭਾਊ ਰਾਤ ਦਾ ਕਰਮ ਸੂੰਹ ਕੋਲ ਅੱਡੇ ਤੇ ਆ ਗਿਆ ਹੋਣਾ...ਵੇਖੇਂ ਨਾ.. ਤੂੰ ਜਿਹੜਾ ਸਾਬੂ ਕਤਾਬ ਬਣਦਾ...ਉਹਨਾਂ ਨਾਲ ਨਬੇੜ ਲੈ...ਵੇਖੇਂ ਨਾ...ਮਾਂ ਦਾ 'ਕੱਠ ਵੀ ਕਰਨਾ ਹੋਇਆ...ਉਹਦੇ ਫੁੱਲ ਵੀ ਹਰਦਵਾਰ ਲੈ ਕੇ ਜਾਣੇ ਆਂ...ਸਿਆਣਿਆਂ ਆਖਿਆ ਲੇਖਾ ਮਾਵਾਂ-ਧੀਆਂ ਦਾ...ਵੇਖੇਂ ਨਾ..."

ਘੁੱਦੂ ਨੂੰ ਬੜੀ ਖਿਝ ਆਈ।

"ਇਹ ਆ ਗੀ ਵੱਡੀ ਬੇਬੇ ਮੱਤਾਂ ਦੇਣ ਵਾਲੀ।"

ਉਹ ਆਪਣੇ ਤੋਂ ਛੋਟੀ ਬਚਨੋ ਬਾਰੇ ਸੋਚਦਾ ਜ਼ਹਿਰੀ ਥੁੱਕ ਅੰਦਰ ਲੰਘਾ ਗਿਆ, "ਕੱਲ੍ਹ ਦੀ ਭੂਤਨੀ"

ਬਚਨੋ ਬੋਲੀ ਜਾ ਰਹੀ ਸੀ, "ਵੇਖੇਂ ਨਾ...ਮੈਨੂੰ ਪਤਾ ਤੇਰਾ ਹੱਥ ਤੰਗ ਆ ..ਪਰ ਇਹ ਕੰਮ ਵੀ ਅਕਸਰ ਕਰਨੇ ਹੋਏ। ਮੈਂ ਤਾਂ ਵੱਡਿਆਂ ਨੂੰ ਵੀ ਆਖਿਆ ਸੀ...ਤੁਾਡਾ ਸਰਦੈ...ਤੁਾਡਾ ਹੱਥ ਖੁਲੈ...ਕੋਈ ਨੀਂ...ਵੇਖੇਂ ਨਾ...ਉਹ ਅੱਗੋਂ ਆਂਹਦੇ ਅਸੀਂ ਖਾਣ ਲਈ ਦਾਣੇ ਈ ਖੜਦੇ ਆਂ।... ਜ਼ਮੀਨ ਵੀ ਇਹ ਮੁਖਤ 'ਚ ਵਾਹੀ ਜਾਂਦੈ...ਵੇਖੇਂ ਨਾ...ਸਾਰੇ ਤੇਰੇ ਭਾਈਏ ਅਰਗੇ ਕਿਵੇਂ ਹੋ ਜਾਣ...ਸਾਰੇ ਮੁਲਖ ਤੇ ਭੈਣਾਂ ਆਪਣਾ ਹਿੱਸਾ ਲਈ ਜਾਂਦੀਆਂ ਪਰ ਉਹਨੇ ਕਦੀ ਇਕ ਵਾਰੀ ਵੀ ਨ੍ਹੀਂ ਆਖਿਆ..."

ਘੁੱਦੂ ਜਿਵੇਂ ਗਲ ਵਿਚ ਡੱਕਾ ਦਿਤੀ ਬੈਠਾ ਸੀ, ਚੀਕ ਹੀ ਪਿਆ, "ਓ ਤੂੰ ਵੀ ਲੈ ਜਾਹ ਤੇ ਉਹ ਵੀ ਲੈ ਜਾਣ...ਜ਼ਮੀਨ ਸਹੁਰੀ ਨੇ ਵੜਾ ਮੈਨੂੰ ਕਾਰੂੰ ਪਾਤਸ਼ਾਹ ਬਣਾ 'ਤਾ..."

ਉਚੀ ਚੀਕਵੀਂ ਆਵਾਜ਼ ਸੁਣ ਕੇ ਤੇ ਜ਼ੋਰ ਨਾਲ ਥਣ ਨੱਪਿਆ ਜਾਣ ਕਰਕੇ ਮੱਝ ਭੁੜਕ ਪਈ। ਘੁੱਦੂ ਚਿੱਤੜਾਂ ਪਰਨੇ ਡਿਗ ਪਿਆ। ਬਚਾਉਂਦਿਆਂ ਵੀ ਥੋੜ੍ਹਾ ਕੁ ਦੁਧ ਡੁਲ੍ਹ ਹੀ ਗਿਆ। ਉਸ ਉਠ ਕੇ ਭੌਂੜ੍ਹਾ ਚੁਕ ਲਿਆ ਤੇ ਮੱਝ 'ਤੇ ਕਾੜ੍ਹ! ਕਾੜ੍ਹ!! ਵਰ੍ਹ ਪਿਆ।

"ਵੇਖੇਂ ਨਾ...ਸਿੱਧਿਆਂ ਨੂੰ ਪੁੱਠਾ ਆਉਂਦੈ..." ਬੁੜਬੜਾਉਂਦੀ ਬਚਨੋਂ "ਭੂੰ ਭੂੰ" ਕਰਦੀ ਬਾਲਟੀ ਫੜ ਕੇ ਤੁਰ ਗਈ।

"ਇਹਨੇ ਬੇਜ਼ਬਾਨ ਨੇ ਤੇਰਾ ਕੀ ਵਿਗਾੜਿਆ?" ਚੌਂਕੇ 'ਚੋਂ ਉਠ ਕੇ ਘੁੱਦੂ ਦੀ ਪਤਨੀ ਰਤਨੀ ਚੀਕੀ, "ਹੋਰਨਾਂ ਦਾ ਸਾੜ ਵਿਚਾਰੇ ਪਸ਼ੂ ਤੇ ਕਿਉਂ ਕੱਢਦਾ ਫਿਰਦਾਂ..."

ਮੱਝ ਡਰ ਕੇ ਖੁਰਲੀ ਦੇ ਇਕ ਬੰਨੇ ਕੰਨ ਖੜੇ ਕਰਕੇ ਡੌਂਬਰੀਆਂ ਅੱਖਾਂ ਨਾਲ 'ਖਿਮਾ ਯਾਚਨਾ' ਦੀ ਮੁਦਰਾ ਵਿਚ ਖੜ੍ਹੀ ਕੰਬੀ ਜਾ ਰਹੀ ਸੀ।

ਦੂਰੋਂ ਮੋਟਰ ਸਾਈਕਲ ਦੀ ਆਵਾਜ਼ ਸੁਣਾਈ ਦਿਤੀ। ਘੁੱਦੂ ਡੰਗਰਾਂ ਦੀਆਂ ਖੁਰਲੀਆਂ ਵਿਚ ਐਵੇਂ ਹੱਥ ਮਾਰਨ ਲਗ ਪਿਆ। ਕੁੱਤਿਆਂ ਦੇ ਭੌਂਕਣ ਦੇ ਨਾਲ ਨਾਲ ਆਵਾਜ਼



Sri Satguru Jagjit Singh Ji eLibrary NamdhariElibrary@gmail.com

ਨੇੜੇ ਆਉਂਦੀ ਗਈ ਤੇ ਥੋੜ੍ਹੀ ਦੇਰ ਬਾਅਦ ਮੋਟਰ ਸਾਈਕਲ ਉਨ੍ਹਾਂ ਦੇ ਦਰਵਾਜ਼ੇ ਅੱਗੇ ਆ ਖੜੋਤਾ। ਰਤਨੀ ਨੇ ਸਿਰ 'ਤੇ ਪੱਲਾ ਲੈਂਦਿਆਂ ਡਿਉਢੀ ਦਾ ਦਰਵਾਜ਼ਾ ਖੋਲ੍ਹਿਆ, ਉਹਦੇ ਦੋਵੇਂ ਜੇਠ ਸਵਰਨ ਸਿੰਘ ਤੇ ਕਰਮ ਸਿੰਘ ਸਨ। ਉਹਨਾਂ ਮੋਟਰ ਸਾਈਕਲ ਡਿਉਢੀ ਵਿਚੋਂ ਲੰਘਾ ਕੇ ਕੱਚੇ ਵਿਹੜੇ ਵਿਚ ਖੜ੍ਹਾ ਕਰ ਦਿਤਾ। ਵੱਡੇ ਸਵਰਨ ਸਿੰਘ ਨੇ ਆਪਣੀਆਂ ਅੱਖਾਂ ਤੋਂ ਐਨਕਾਂ ਲਾਹੀਆਂ, ਰੁਮਾਲ ਨਾਲ ਉਹਨਾਂ ਨੂੰ ਸਾਫ ਕੀਤਾ ਤੇ ਫਿਰ ਦਸਤਾਨੇ ਪਹਿਨੇ ਹੱਥਾਂ ਨਾਲ ਓਵਰਕੋਟ ਤੋਂ ਸਿੱਲ੍ਹ ਨੂੰ ਪੂੰਝਦਾ ਡਿਉਢੀ ਵਿਚ ਪਏ ਆਪਣੇ ਪਿਓ ਬਿਸ਼ਨ ਸਿੰਘ ਦੇ ਬਿਸਤਰੇ ਵਲ ਵਧਿਆ, ਛੋਟੇ ਕਰਮ ਸਿੰਘ ਨੇ ਗਰਮ ਲੋਈ ਦੀ ਬੁੱਕਲ ਸਵਾਰੀ ਤੇ ਤਿੱਲੇ ਵਾਲੀ ਜੁੱਤੀ ਹੇਠਾਂ ਲੱਗਾ ਗੋਹਾ ਉਤਾਰਨ ਲਈ ਪੈਰ ਨੂੰ ਚੌਂਤਰੇ ਦੀ ਵੱਟ ਨਾਲ ਘਸਾਉਂਦਿਆਂ ਬਚਨੋਂ ਵਲ ਮੂੰਹ ਕੀਤਾ।

"ਘੁੱਦੂ ਕਿਥੇ ਆ ?"

ਬਚਨੋਂ ਨੇ ਬੁੱਕਲ 'ਚੋਂ ਬਾਂਹ ਕੱਢ ਕੇ ਡੰਗਰਾਂ ਵੱਲ ਕੀਤੀ, ਜਿਥੇ ਮੋਟਰ ਸਾਈਕਲ ਦੇ ਖੜਾਕ ਨਾਲ ਕਿੱਲਾ ਪੁਟਾ ਗਏ ਵਹਿੜਕੇ ਨੂੰ ਘੁੱਦੂ ਫੜ ਰਿਹਾ ਸੀ।

ਓ ਆ ਭਈ ਭਲਵਾਨਾ ! ਰਤਾ ਮਸ਼ਵਰਾ ਕਰ ਲੀਏ। ਭਾ ਜੀ ਹੋਰਾਂ ਤੋਂ ਵੀ ਰੋਜ ਰੋਜ ਨੂੰ ਛੁਟੀ ਨੀਂ ਆਇਆ ਜਾਂਦਾ...ਮੈਨੂੰ ਵੀ ਸੌ ਕੰਮ ਰਹਿੰਦੇ ਨੇ...ਨਾਲੇ ਬੁਢੜੀ ਦੇ ਫੁੱਲ ਜੇ ਤਾਂ ਜਾਣਾ ਤੂੰ ਸਹੀ...ਤੇ ਜੇ ਮੈਂ ਜਾਣਾ ਤਾਂ ਸਹੀ... ਗੰਗਾ ਪਾ ਆਈਏ..."

"ਆਉਨਾਂ" ਘੁੱਦੂ ਨੇ ਬੇਪਰਵਾਹੀ ਨਾਲ ਜਵਾਬ ਦਿਤਾ ਤੇ ਪੁਟੇ ਹੋਏ ਕਿੱਲੇ ਨਾਲ ਬੱਝਾ ਵਹਿੜਕੇ ਦਾ ਰੱਸਾ ਖੋਲ੍ਹਦਾ ਆਪਣੇ ਮੁੰਡੇ ਨੂੰ ਕਹਿਣ ਲਗਾ, "ਕਾਕੂ ਮੰਜਾ ਕੱਢ ਕੇ ਬਾਪੂ ਆਵਦੇ ਕੋਲ ਡਿਉਢੀ 'ਚ ਡਾਹ..."

ਇਸ ਤੋਂ ਪਹਿਲਾਂ ਕਿ ਕਾਕੂ ਮੰਜਾ ਲਿਆਉਂਦਾ, ਬੁਢੇ ਬਿਸ਼ਨ ਸਿੰਘ ਨੇ ਕਿਹਾ, "ਕਾਕੂ ਖੁਰਸੀ ਲੈ ਆ" ਤੇ ਉਹ ਸਿਧਾ ਹੋ ਕੇ ਇਕ ਪਾਸੇ ਨੂੰ ਖਿਸਕ ਕੇ ਬੈਠ ਗਿਆ ਤੇ ਸਵਰਨ ਸਿੰਘ ਲਈ 'ਓਨਾ ਚਿਰ' ਬੈਠਣ ਲਈ ਮੰਜੀ ਤੇ ਥਾਂ ਖਾਲੀ ਕਰ ਦਿਤੀ। ਪਰ ਸਵਰਨ ਸਿੰਘ ਪੱਗ ਦਾ ਪੱਲਾ ਠੀਕ ਕਰਦਾ ਮੰਜੀ ਲਾਗੇ ਖੜੋਤਾ ਦਾੜ੍ਹੀ ਪਲੋਸਣ ਲਗਾ।

ਸਵਰਨ ਸਿੰਘ ਤਿੰਨਾਂ ਭਰਾਵਾਂ 'ਚੋਂ ਸਭ ਤੋਂ ਵਡਾ ਤੇ ਪੜ੍ਹਿਆ ਲਿਖਿਆ ਸੀ। ਆਪਣੀ ਹਿੰਮਤ ਨਾਲ ਪੜ੍ਹ ਕੇ ਉਹ ਓਵਰਸੀਅਰ ਲਗ ਗਿਆ ਸੀ ਤੇ ਚੰਗੀ 'ਕਮਾਈ' ਕਰਦਾ ਸੀ। ਉਹ ਸ਼ਹਿਰ ਹੀ ਕੋਠੀ ਪਾ ਕੇ ਰਹਿ ਰਿਹਾ ਸੀ। ਇਕੋ-ਇਕ ਧੀ ਉਸ ਨੇ ਚੰਗੇ ਘਰ ਵਿਆਹ ਲਈ ਸੀ। ਦੋਵੇਂ ਮੁੰਡੇ ਵੀ ਚੰਗੀਆਂ ਨੌਕਰੀਆਂ ਤੇ ਲਗੇ ਹੋਏ ਸਨ। ਚੰਗੇ ਤੇ ਵੱਡੇ ਲੋਕਾਂ ਨਾਲ ਉਹਦਾ ਸੰਪਰਕ ਸੀ, ਲੈਣ-ਦੇਣ ਸੀ, ਮਿਲਵਰਤਨ ਸੀ। ਇਕ ਆਪਣਾ ਹੀ ਵਿਸ਼ੇਸ਼ ਦਾਇਰਾ ਬਣ ਚੁਕਾ ਸੀ। ਪਿੰਡ ਉਸ ਦਾ ਆਉਣ ਜਾਣ ਘਟ ਹੀ ਸੀ। ਜਿਹੜੀ ਦੋ ਢਾਈ ਕਿੱਲੇ ਜ਼ਮੀਨ ਉਸ ਦੇ ਹਿੱਸੇ ਆਉਂਦੀ, ਉਹ ਘੁੱਦੂ ਹੀ ਵਾਹੁੰਦਾ ਸੀ ਤੇ ਉਹ ਬਕੌਲ ਉਸ ਦੇ, "ਖਾਣ ਲਈ ਸਾਲ ਦੇ ਦਾਣੇ ਹੀ ਖੜਦਾ ਸੀ।" ਆਪਣੇ ਅੰਗਾਂ-ਸਾਕਾਂ ਤੇ ਯਾਰ-ਦੋਸਤਾਂ ਵਿਚ ਉਹ ਇਹੋ ਹੀ ਕਹਿੰਦਾ ਕਿ ਉਸ ਨੇ ਜ਼ਮੀਨ ਘੁੱਦੂ ਨੂੰ ਮੁਫਤ ਹੀ ਦਿਤੀ ਹੋਈ ਹੈ।

ਕਾਕੂ ਕੁਰਸੀ ਲੈ ਆਇਆ। ਲੋਹੇ ਦੀ ਇਹ ਇਕੋ-ਇਕ ਕੁਰਸੀ ਬੜੇ ਸਾਲਾਂ ਤੋਂ ਉਹਨਾਂ ਦੇ ਘਰ ਸੀ।

"ਪੁੱਤ ! ਖੁਰਸੀ ਤੇ ਕੱਪੜਾ ਫੇਰ ਲੈ ਜਰਾ" ਬੁੱਢੜੇ ਬਿਸ਼ਨ ਸਿੰਘ ਨੇ ਆਪਣੀ ਉੱਡੇ ਰੰਗ ਵਾਲੀ ਖੱਦਰ ਦੇ ਅਮਰੇ ਦੀ ਰਜਾਈ ਨੂੰ ਠੀਕ ਕੀਤਾ ਤੇ ਆਪਣੇ ਕੇਸਾਂ ਦੀ ਜਟੂਰੀ ਕਰਕੇ ਕੰਬਦੇ ਹੱਥਾਂ ਨਾਲ ਮੈਲੀ ਪੱਗ ਸਿਰ 'ਤੇ ਲਪੇਟਣ ਲਗਾ। ਬਿਸ਼ਨ ਸਿੰਘ ਜਦੋਂ ਵੀ ਸਵਰਨ ਸਿੰਘ ਦੇ ਸਾਹਮਣੇ ਹੁੰਦਾ ਸੀ, ਉਹਦੀ ਅਵਸਥਾ ਇੰਜ ਹੀ ਹੁੰਦੀ, ਜਿਵੇਂ ਕੋਈ ਜੱਟ ਤਹਿਸੀਲਦਾਰ ਦੇ ਸਾਹਮਣੇ ਖੜਾ ਹੋਵੇ। ਉਹ ਉਸ ਨੂੰ ਕਿਸੇ ਹੋਰ ਹੀ ਮਿੱਟੀ ਦਾ ਬਣਿਆ ਲੱਗਦਾ, ਜਿਹੜੀ ਡਾਢੀ ਸਾਫ਼, ਵਧੀਆ ਤੇ ਚੀਕਨੀ ਹੋਵੇ। ਜਿਸ ਦੇ ਖ਼ਬਰੇ ਗੁੱਡੀਆਂ ਤੇ ਬਾਵੇ ਬਣਦੇ ਹਨ। ਸਵਰਨ ਦੇ ਰਹਿਣ ਸਹਿਣ ਤੇ ਉਸ ਦੀ ਪੱਚਾ ਪਾਚੀ ਦੇ ਸਾਹਮਣੇ ਉਹ ਆਪਣੇ ਆਪ ਨੂੰ ਡਾਢਾ ਖੁਰਦਰਾ ਜਿਹਾ ਮਹਿਸੂਸ ਕਰਦਾ। ਇਸ ਲਈ ਸ਼ਹਿਰ ਜਾ ਕੇ ਉਹ ਕਦੀ ਵੀ ਸਵਰਨ ਦੇ ਘਰ ਦੇ ਕੂਲੇ ਜਿਹੇ ਮਾਹੌਲ ਵਿਚ ਬਹੁਤੀ ਦੇਰ ਨਹੀਂ ਸੀ ਟਿਕ ਸਕਿਆ। ਉਸਨੂੰ ਲੱਗਦਾ ਜਿਵੇਂ ਉਹਦੇ ਪੈਰ ਉਸ ਘਰ ਵਿਚ ਠੀਕ ਤਰ੍ਹਾਂ ਨਾ ਉਠ ਰਹੇ ਹੋਣ। ਉਹਦੀ ਨੂੰਹ ਤੇ ਪੋਤਰੇ ਪੋਤਰੀਆਂ ਉਹਨੂੰ ਜਿਵੇਂ ਘੂਰ ਘੂਰ ਵੇਖਦੇ ਹੋਣ। ਉਹਨੂੰ ਲਗਦਾ ਜਿਵੇਂ ਕੋਈ ਮਿੱਟੀ ਦੇ ਘੁਰ-ਨਿਆਂ ਵਿਚ ਖੇਡਦੇ ਸਹੇ ਨੂੰ ਸੰਗਮਰਮਰ ਦੀ ਗੁਫਾ ਵਿਚ ਛੱਡ ਆਇਆ ਹੋਵੇ।

ਕਾਕੂ ਨੇ ਕੁਰਸੀ ਸਾਫ਼ ਕਰ ਦਿੱਤੀ। ਬਿਸ਼ਨ ਸਿੰਘ ਸਵਰਨ ਨੂੰ ਇਕ-ਵਚਨ ਜਾਂ ਬਹੁ-ਵਚਨ ਵਿਚ ਸੰਬੋਧਨ ਕਰਨ ਦੀ ਦੋ-ਚਿਤੀ ਵਿਚ ਹੀ ਸੀ ਕਿ ਸਵਰਨ ਕੁਰਸੀ 'ਤੇ ਬੈਠ ਗਿਆ। ਅਜਿਹੇ ਸਮੇਂ ਬਿਸ਼ਨ ਸਿੰਘ ਕਈ ਵਾਰ ਆਪਣੇ ਆਪ 'ਚ ਡਾਢਾ ਕੱਚਾ ਜਿਹਾ ਹੁੰਦਾ। ਉਹਦਾ ਆਪਣਾ ਆਪ ਹੁੰਗਾਰ ਉਠਦਾ, "ਇਹ ਕਿਹੜਾ ਵੈਸਰਾਏ ਦਾ ਬੀ ਐ, ਮੇਰਾ ਮੁੰਡਾ ਈ ਐ...ਮੈਂ ਕਿਉਂ ?"

ਕਰਮ ਸਿੰਘ ਆਪ ਹੀ ਮੰਜਾ ਚੁੱਕ ਕੇ ਡਿਉਢੀ ਵਿਚ



Sri Satguru Jagjit Singh Ji eLibrary NamdhariElibrary@gmail.com

ਲੈ ਆਇਆ। ਉਹ ਘੁੱਦੂ ਤੋਂ ਦੋ ਸਾਲ ਵੱਡਾ ਸੀ। ਪੜ੍ਹਾਈ ਵਲੋਂ ਲਾ ਪਰਵਾਹ ਤੇ ਸ਼ਰਾਰਤਾਂ 'ਚ ਨੰਬਰ ਇਕ। ਉਹ ਸੁੱਤੀ ਮਹਿਰੀ ਦੇ ਬਾਲਣ ਵਿਚ ਬਸਤਾ ਲੁਕਾ ਕੇ ਹਾਣੀਆਂ ਨਾਲ ਖਿੱਦੋ-ਖੂੰਡੀ ਖੇਡਣ ਨਿਕਲ ਜਾਂਦਾ ਤੇ ਛੁੱਟੀ ਹੋਣ ਸਮੇਂ ਬਸਤਾ ਚੁੱਕ ਘਰ ਜਾ ਵੜਦਾ। ਛੋਟਾ ਹੋਣ ਕਰਕੇ ਘੁੱਦੂ ਉਹਦੇ ਨਾਲ ਹੀ ਰਹਿੰਦਾ। ਇਕੱਠੇ ਹੀ ਉਹ ਸਕੂਲ ਗਏ ਤੇ ਇਕੱਠੇ ਹੀ ਪੜ੍ਹਾਈ ਵਿੱ ਛੱਡ ਕੇ ਉਹ ਘਰ ਦੇ ਕੰਮ ਵਿਚ ਪਿਉ ਦੀ ਮਦਦ ਕਰਾਉਣ ਲੱਗ ਪਏ।

ਜਵਾਨੀ ਚੜ੍ਹਦਿਆਂ ਹੀ ਕਰਮਾ ਤਾਂ ਪਾਂਡੀ ਬਣ ਕੇ ਸਮਗਲਿੰਗ ਦਾ ਮਾਲ ਢੋਣ ਲਗ ਪਿਆ ਤੇ ਘੁਦੂ ਜਿਸਮ ਤਾਜ਼ਾ ਤੇ ਹੱਡਾਂ-ਪੈਰਾਂ ਦਾ ਖੁਲ੍ਹਾ ਹੋਣ ਕਰਕੇ ਭਲਵਾਨੀ। ਕਰਮੇ ਦਾ ਪਾਂਡੀ ਹੋਣਾ ਤੇ ਸੁਕਾਰਥ ਆਇਆ। ਹੌਲੀ ਹੌਲੀ ਉਹਨੇ ਬਲੈਕ ਦੇ ਮਾਲ ਵਿਚ ਆਪ ਹਿੱਸਾ ਪੱਤੀ ਰੱਖਣਾ ਸ਼ੁਰੂ ਕਰ ਦਿਤਾ। ਅੱਜ ਹੋਰ—ਕਲ੍ਹ ਹੋਰ।—ਤੇ ਕਰਮਾ ਵੀ ਲਾਗਲੇ ਕਸਬੇ ਦੇ ਚੌਂਕ ਵਿਚ ਆਪਣਾ ਮਕਾਨ ਬਣਵਾ ਠਾਠ ਵਿਚ ਰਹਿ ਰਿਹਾ ਸੀ। ਡੇਅਰੀ ਤੇ ਮੁਰਗੀ-ਖਾਨਾ ਖੋਲ੍ਹ ਰਖਿਆ ਸੀ। ਉਹਦੇ ਘਰ ਪੂਰੀ ਲਹਿਰ ਬਹਿਰ ਸੀ।

ਤੇ ਭਲਵਾਨੀ ਕਰਦਾ ਕਰਦਾ ਧਰਮ ਸਿੰਘ ਘੁਦੂ ਦਾ ਘੁਦੂ ਹੀ ਰਹਿ ਗਿਆ ਸੀ। ਪਿਉ ਵਾਲੀ ਹਲ ਦੀ ਜੰਘੀ ਉਸ ਦੇ ਹੱਥ ਸੀ। ਬਾਬੇ 'ਝਰਲ' ਨੇ ਭਾਵੇਂ ਮਖੌਲ ਵਿਚ ਹੀ ਉਹਦੇ ਦੋ ਬੰਦੇ ਬਣ ਜਾਣ, ਇਕ ਦੇ ਹਲ ਵਾਹੁਣ ਤੇ ਦੂਜੇ ਦੇ ਪਠੇ ਪਾਉਣ ਦੀ ਗਲ ਕੀਤੀ ਸੀ—ਪਰ ਘੁਦੂ ਸੱਚੀਂ ਹੀ ਵਾਹੀ ਵਿਚ ਦੂਣੇ ਜ਼ੋਰ ਨਾਲ ਲਗਾ ਰਿਹਾ ਸੀ। ਉਹ ਆਪਣੀ ਵੱਲੋਂ ਤਾਂ ਤੇਜ਼ ਦੌੜਨ ਦਾ ਬਹੁਤ ਯਤਨ ਕਰਦਾ, ਪਰ ਸੁਪਨੇ ਵਿਚ ਡਰ ਕੇ ਭਜਣ ਵਾਲਿਆਂ ਵਾਂਗ, ਉਸ ਦਾ ਹਰ ਚੁੱਕਿਆ ਪੈਰ ਅੱਗੇ ਧਰੇ ਜਾਣ ਦਾ ਨਾਂ ਹੀ ਨਹੀਂ ਸੀ ਲੈਂਦਾ। ਜਿਵੇਂ ਕੋਈ ਗ਼ੈਬੀ ਸ਼ਕਤੀ ਉਹਦੇ ਲੱਕ ਨੂੰ ਜੱਫ਼ਾ ਮਾਰੀ ਪਿਛਾਂਹ ਖਿੱਚੀ ਲਿਜਾ ਰਹੀ ਸੀ।

ਵਹਿੜਕੇ ਦਾ ਕਿੱਲਾ ਗੱਡਦਿਆਂ ਘੁਦੂ ਜਿਉਂ ਹੀ ਕਿੱਲੇ ਨੂੰ ਸੱਟ ਮਾਰ ਰਿਹਾ ਸੀ, ਉਹਨੂੰ ਲੱਗ ਰਿਹਾ ਸੀ ਜਿਵੇਂ ਇਹ ਸੱਟ ਉਹਦੇ ਆਪਣੇ ਸਿਰ ਵਿਚ ਵੱਜੀ ਹੋਵੇ ਅਤੇ ਉਹ ਹਰ ਸੱਟ ਨਾਲ ਹੀ ਧਰਤੀ ਦੇ ਅੰਦਰ ਨਿੱਘਰਦਾ ਜਾ ਰਿਹਾ ਹੋਵੇ। ਮਨ ਹੀ ਮਨ ਉਹ ਦੋਹਾਂ ਭਰਾਵਾਂ ਨਾਲ ਕੀਤੀ ਜਾਣ ਵਾਲੀ ਗੱਲਬਾਤ ਬਾਰੇ ਸੋਚ ਰਿਹਾ ਸੀ। ਦੋਹਾਂ ਭਰਾਵਾਂ ਬਾਰੇ ਸੋਚ ਕੇ ਉਹ ਝੁੰਜਲਾ ਉਠਿਆ ਤੇ ਤੀਜੀ ਭੈਣ ਬਚਨੋ...? ਉਫ਼! ਇਹ ਕੇਹੇ ਰਿਸ਼ਤੇ ਸਨ।

ਵੱਡੇ ਤੇ ਉਸਨੂੰ ਖਿੱਝ ਸੀ ਕਿ ਉਹ ਅੰਗਾਂ-ਸਾਕਾਂ ਦੇ ਸਾਮ੍ਹਣੇ ਘੁਦੂ ਨੂੰ ਯਤੀਮ ਜਿਹਾ ਬਣਾ ਕੇ ਪੇਸ਼ ਕਰਦਾ ਸੀ। ਦਾਣੇ ਲਿਜਾ ਕੇ ਵੀ ਜ਼ਮੀਨ ਬਾਰੇ ਇੰਜ ਕਹਿੰਦਾ ਸੀ ਜਿਵੇਂ ਘੁਦੂ ਨੂੰ ਦਾਨ ਕਰ ਦਿਤੀ ਹੋਵੇ। ਜ਼ਮੀਨ ਘੁਦੂ ਤੋਂ ਛਡੀ ਨਹੀਂ ਸੀ ਜਾਂਦੀ ਜਾਂ ਛੱਡਿਆਂ ਉਸ ਦਾ ਗੁਜ਼ਾਰਾ ਨਹੀਂ ਸੀ ਹੁੰਦਾ। ਪਰ ਏਦਾਂ 'ਮੁਫ਼ਤ ਦੇ ਅਹਿਸਾਨ' ਹੇਠਾਂ ਉਸ ਤੋਂ ਦੱਬਿਆ ਵੀ ਨਹੀਂ ਸੀ ਜਾਂਦਾ—ਤੇ ਕਰਮ ਸਿੰਘ ਤਾਂ ਬਰਾਬਰ ਦਾ ਹਿੱਸਾ ਵੀ ਵੰਡਾ ਕੇ ਲੈ ਜਾਂਦਾ ਸੀ ਪਰ ਇਹ ਵੀ ਇਤਰਾਜ਼ ਕਰਦਾ ਸੀ ਕਿ ਘੁਦੂ ਦੇ ਹੱਥਾਂ ਵਿਚ ਬਰਕਤ ਨਹੀਂ। ਉਹਨੂੰ ਹਿੱਸੇ ਵਿਚੋਂ ਕੁਝ ਨਹੀਂ ਬੱਚਦਾ। ਅਜੇ ਕਲ੍ਹ ਮਾਂ ਦੇ ਫੁੱਲ ਚੁਣਦਿਆਂ ਉਹ ਆਪਣੇ ਭਣਵੱਈਏ ਨੂੰ ਕਹਿ ਰਿਹਾ ਸੀ, "ਭਾਈਆ! ਐਤਕੀਂ ਮੇਰੀ ਸਲਾਹ ਏ ਪਿੰਡ ਆਲੀ ਦੋ ਕਿੱਲੇ ਆਪ ਹੀ ਟਰੈਕਟਰ ਨਾਲ ਵਾਹ ਕੇ ਮੱਝਾਂ ਲਈ ਪੱਠੇ ਬੀਜ ਛੱਡਾਂ। ਇਸ 'ਚੋਂ ਬਚਦਾ ਬਚਾਉਂਦਾ ਤਾਂ ਅੱਗੇ ਕੁਛ ਨੀਂ।"

"ਮਾੜੀ ਗੱਲ ਨ੍ਹੀਂ...ਮਾੜੀ ਗੱਲ ਨ੍ਹੀ...ਚੰਗਾ ਰਹੇਂਗਾ..." ਬਚਨੋਂ ਦੇ ਘਰ ਵਾਲਾ ਬੋਲਿਆ ਸੀ।

ਘੁਦੂ ਨੂੰ ਪਤਾ ਸੀ ਕਿ ਉਹ ਉਸ ਨੂੰ ਸੁਣਾ ਕੇ ਗੱਲਾਂ ਕਰ ਰਹੇ ਸਨ। ਉਹ ਅੰਦਰੇ ਅੰਦਰ ਭਰਿਆ ਪੀਤਾ ਬੈਠਾ ਸੀ। ਬੋਲਿਆ ਕੁਝ ਨਹੀਂ। ਜ਼ਮੀਨ ਤਾਂ ਅੱਗੇ ਹੀ ਥੋੜ੍ਹੀ ਸੀ, ਜੇ ਇਹ ਦੋ ਕਿੱਲੇ ਵੀ ਹਲ ਹੇਠੋਂ ਨਿਕਲ ਗਈ? ਉਸ ਨੂੰ ਫ਼ਿਕਰ ਸੀ।

ਆਪ ਤਾਂ ਉਹ ਗੱਲਾਂ ਕਰਨੋਂ ਝਿਜਕਦਾ ਸੀ। ਲਾ ਪਾ ਕੇ ਵਿਚਲਾ ਬੰਦਾ ਭੈਣ-ਭਣਵੱਈਆ ਸੀ ਜਾਂ ਪਿਉ ਜਿਨ੍ਹਾਂ ਨੂੰ ਉਹ ਆਪਣਾ ਦੁਖ ਦੱਸ ਸਕਦਾ ਸੀ। ਉਹਨਾਂ ਦੀ ਮਦਦ ਮੰਗ ਸਕਦਾ ਸੀ। ਪਰ ਭਣਵੱਈਆ ਤਾਂ ਉਸ ਦੇ ਸਾਹਮਣੇ ਕਰਮ ਸਿੰਘ ਨੂੰ ਜ਼ਮੀਨ ਛੁਡਾ ਲੈਣ ਲਈ ਕਹਿ ਰਿਹਾ ਸੀ। ਤੇ ਭੈਣ ਬਚਨੋਂ ਨੇ ਉਸ ਦੀ ਮਦਦ ਕੀ ਕਰਨੀ ਸੀ। ਉਸ ਨੂੰ ਤਾਂ ਅੱਗੇ ਹੀ ਇਤਰਾਜ਼ ਰਹਿੰਦਾ ਸੀ ਕਿ ਵੱਡੇ ਭਰਾ-ਭਰਜਾਈ ਉਸ ਨਾਲ ਚੰਗਾ ਵਰਤਦੇ ਸਨ। ਉਸ ਨਾਲ ਦੁਖ-ਸੁਖ ਵੰਡਾਉਣ ਆਉਂਦੇ ਸਨ। ਔਖੇ ਸੌਖੇ ਵੇਲੇ ਕੰਮ ਵੀ ਆਉਂਦੇ ਸਨ। ਸਾਲ ਛਿਮਾਹੀ ਸੂਟ ਵੀ ਬਣਾ ਦਿੰਦੇ ਸਨ। ਪਰ ਘੁਦੂ ਸੀ ਕਿ ਔਖੇ ਵੇਲੇ ਮਦਦ ਤਾਂ ਕੀ ਕਰਨੀਂ—ਉਹਨੂੰ ਮਿਲਣ ਤਾਂ ਕੀ ਜਾਣਾ! ਜੇ ਕਿਧਰੇ ਸਾਲ ਛਿਮਾਹੀ ਉਹਦਾ ਮੁੰਡਾ ਆ ਗਿਆ ਤਾਂ ਉਸ ਬਾਰੇ ਕਹਿੰਦੀ:

"ਹਾਇਆ! ਏਨਾ ਨਮੋਹਾ! ਮੁੰਡਾ ਹੋਣ ਤੇ ਉਹੋ ਜਿਹੜੇ ਚਾਰ ਪਰੋਲੇ ਜਿਹੇ ਦਿਤੇ ਸੀ—ਬੱਸ...ਮੇਰੀ ਜ਼ਬਾਨ ਸੜ ਜੇ—ਜੇ ਕਿਤੇ ਮੁੰਡੇ ਨੂੰ ਦੋ ਟਾਕੀਆਂ ਬਣਾ ਕੇ ਦਿਤੀਆਂ ਹੋਣ ਜਾਂ ਛਿੱਲੜ ਹੀ ਹੱਥ ਰਖਿਆ ਹੋਵੇ। ਵੇਖੇਂ ਨਾ...ਅਸੀਂ ਕਿਤੇ ਇਹਦੇ ਪੈਸੇ ਲੀੜਿਆਂ ਤੇ ਨਾ ਨ੍ਹੀ ਬੈਠੇ...ਪਰ ਫਿਰ



Sri Satguru Jagjit Singh Ji eLibrary NamdhariElibrary@gmail.com

ਵੀ ਭੈਣ-ਭਰਾ ਦਾ ਹੰਮਾ ਹੁੰਦਾ...ਵੇਖੇਂ ਨਾ ..." ਤੇ ਓਹ ਅੱਖਾਂ ਤੇ ਚੁੰਨੀ ਫੇਰਨ ਲਗ ਪੈਂਦੀ।

ਘੁੱਦੂ ਬਚਨੋਂ ਤੇ ਅੰਦਰੋ-ਅੰਦਰ ਖੁੰਜਿਆ ਪਿਆ ਸੀ। ਉਸ ਦਿਨ ਮਾਂ ਦਾ ਸਸਕਾਰ ਕਰਨ ਤੋਂ ਪਹਿਲਾਂ ਇਸ਼ਨਾਨ ਕਰਾਉਣ ਵੇਲੇ ਮਾਂ ਦੇ ਕੰਨਾਂ ਵਿਚ ਪਈਆਂ ਸੋਨੇ ਦੀਆਂ ਵਾਲੀਆਂ ਲਾਹ ਕੇ ਵਿਚਕਾਰਲੀ ਭਰਜਾਈ ਨੂੰ ਫੜਾ ਦਿਤੀਆਂ ਸਨ। ਉਹ ਜਿਵੇਂ ਵਾਲੀਆਂ ਤੇ ਲੱਤ ਫੇਰਦੀ ਰਹੀ ਸੀ।

ਇਕ ਪਲ ਉਹਨੂੰ ਮਾਂ ਤੇ ਵੀ ਖਿਝ ਆਈ। ਪਰ ਫੇਰ ਮਾਂ ਦਾ ਝੁਰੜੀਆਂ ਭਰਿਆ ਚਿਹਰਾ ਤੇ ਡੂੰਘੀਆਂ ਚਮਕਦੀਆਂ ਅੱਖਾਂ ਯਾਦ ਆਉਣ ਤੇ ਉਹ ਮਾਂ ਦੇ ਪਿਆਰ ਵਿਚ ਭਿੱਜ ਗਿਆ। ਇਕੋ ਮਾਂ ਹੀ ਸੀ, ਜਿਸ ਨੇ ਉਹਨੂੰ ਅੰਤਾਂ ਦਾ ਪਿਆਰ ਕੀਤਾ ਸੀ। ਸਦਾ ਉਹਦੇ ਹੱਕ ਵਿਚ ਡਟਕੇ ਬੋਲੀ ਸੀ। ਜਿਹੜੀ ਗੱਲ, ਜਿਹੜੀ ਭਾਸ਼ਾ ਵਿਚ, ਜਿੰਨੇ ਜ਼ੋਰ ਨਾਲ ਕਹਿਣੀ ਚਾਹੁੰਦਾ ਹੁੰਦਾ, ਉਹਦੀ ਮਾਂ ਉਹ ਗੱਲ ਉਸ ਨਾਲੋਂ ਜ਼ੋਰਦਾਰ ਅੰਦਾਜ਼ ਵਿਚ ਕਿਹਾ ਕਰਦੀ। ਉਹੋ ਹੀ ਸੀ, ਜਿਹੜੀ ਘੁੱਦੂ ਬਾਰੇ ਕਹਿੰਦੀ ਸੀ, "ਇਹ ਤਾਂ ਮੇਰਾ ਲੋਲ੍ਹੜ ਪੁੱਤ ਏ, ਭੋਲਾ-ਭਾਲਾ...ਸ਼ਿਵਾਂ ਵਰਗਾ...ਤੁਸੀਂ ਤਾਂ ਸਭ ਕਾਂਟੇ ਓ..."

ਘੁੱਦੂ ਨੂੰ ਅਫਸੋਸ ਸੀ ਕਿ ਉਹ ਮਰਦੀ ਹੋਈ ਮਾਂ ਦੇ ਕੋਲ ਨਹੀਂ ਸੀ। ਸਾਰੀ ਉਮਰ ਮਾਂ ਉਹਦੇ ਕੋਲ ਰਹੀ ਪਰ ਮਰਨ ਸਮੇਂ ਉਸ ਕੋਲੋਂ ਚਲੀ ਗਈ। ਦੋ ਮਹੀਨੇ ਹੋਏ ਉਸ ਨੂੰ ਅਚਾਨਕ ਬੁੱਲਾ ਵੱਜ ਗਿਆ ਤੇ ਪਾਸਾ ਮਾਰਿਆ ਗਿਆ। ਸਵਰਨ ਸਿੰਘ ਮਾਂ ਦਾ ਪਤਾ ਕਰਨ ਆਇਆ ਤਾਂ ਉਹ ਮਾਂ ਦੇ ਵਰਜਦਿਆਂ ਵੀ ਉਸ ਨੂੰ ਆਪਣੇ ਨਾਲ ਸ਼ਹਿਰ ਲੈ ਗਿਆ ਤਾਂ ਕਿ ਉਸ ਨੂੰ ਵੱਡੇ ਹਸਪਤਾਲ ਵਿਚ ਦਾਖਲ ਕਰਵਾ ਕੇ ਇਲਾਜ ਕਰਵਾ ਸਕੇ।

ਲਗਪਗ ਡੇਢ ਮਹੀਨਾ ਇਲਾਜ ਚਲਦਾ ਰਿਹਾ, ਪਰ ਬੁੱਢੜਾ ਤੇ ਕਮਜ਼ੋਰ ਸਰੀਰ ਬੀਮਾਰੀ ਦੀ ਮਾਰ ਨਾ ਝੱਲ ਸਕਿਆ।

ਤੇ ਰਹਿ ਗਿਆ ਸੀ ਬਾਕੀ ਬੁੱਢੜਾ ਬਿਸ਼ਨ ਸਿੰਘ, ਜਿਹੜੀਆਂ ਉਸਦੀਆਂ ਔਖਿਆਈਆਂ ਨੂੰ ਸਮਝਦਾ ਸੀ। ਉਸ ਦੀ ਤੰਗੀ, ਜਿਸਦੀ ਆਪਣੀ ਤੰਗੀ ਸੀ। ਉਸਨੇ ਆਪ ਜੂ ਸਾਰੀ ਉਮਰ ਕਿਸਾਨ ਦੀ ਜੂਨ ਭੋਗੀ ਸੀ। ਪਰ ਉਹ ਵਿਚਾਰਾ ਏਨਾ ਨਿਰਮਾਣ ਤੇ ਦੱਬੂ ਜੱਟ ਸੀ ਜਾਂ ਇੰਜ ਕਹਿ ਲਈਏ ਕਿ ਉਹਦੇ ਵੱਡੇ ਪੁੱਤਾਂ ਦੇ ਪੈਸੇ ਦਾ ਜਬ੍ਹਾ ਉਸ ਤੇ ਕੁਝ ਇੰਝ ਬੈਠਾ ਸੀ ਕਿ ਉਹ ਉਭਾਸਰ ਕੇ ਕੋਈ ਗੱਲ ਉਹਨਾਂ ਨੂੰ ਕਹਿ ਹੀ ਨਹੀਂ ਸੀ ਸਕਦਾ।

"...ਓ ਆ ਮਾਂ ਦਿਆ ਸ਼ਿਵ ਜੀ!...ਹੈਥੇ ਕਿੱਲੇ ਨੂੰ ਈ ਠੱਕ ਠੱਕ ਕਰੀ ਜਾਨੈਂ...ਅਸੀਂ ਹੋਰ ਵੀ ਕੋਈ ਕੰਮ ਕਰਨੈਂ..." ਕਰਮ ਸਿੰਘ ਨੇ ਘੁੱਦੂ ਨੂੰ ਆਵਾਜ਼ ਮਾਰੀ।

ਘੁੱਦੂ ਮਿੱਟੀ ਨਾਲ ਲਿੱਬੜੇ ਹੱਥ ਤੇੜ ਦੀ ਚਾਦਰ ਨਾਲ ਪੂੰਝਦਾ ਉੱਠ ਖੜਾ ਹੋਇਆ ਤੇ ਹੌਲੀ ਹੌਲੀ ਤੁਰਦਾ ਡਿਉਢੀ ਵਿਚ ਆਣ ਕੇ ਉਨ੍ਹਾਂ ਕੋਲ ਖੜਾ ਹੋ ਗਿਆ।

"ਬਹਿ ਜਾ" ਕਰਮ ਸਿੰਘ ਨੇ ਘੁਦੂ ਨੂੰ ਮੰਜੇ ਤੇ ਬੈਠ ਜਾਣ ਲਈ ਇਸ਼ਾਰਾ ਕੀਤਾ। ਬਚਨੋਂ ਵੀ ਬੁੱਕਲ ਸਵਾਰਦੀ ਪਿਉ ਦੀ ਪੁਆਂਦੀ ਆ ਬੈਠੀ।

"ਬਜ਼ੁਰਗਾ! ਭਾ ਜੀ ਰਾਤੀਂ ਮੇਰੇ ਕੋਲ੍ਹ ਆ ਗੇ ਸੀ। ਅਸੀਂ ਤੁਹਾਡੇ ਨਾਲ ਮਸ਼ਵਰਾ ਕਰਨ ਆਂ..."

"ਕਰੋ...ਜਿਹੜਾ ਕਰਨਾ...ਕੀ ਗੱਲ ਐ..." ਬਿਸ਼ਨ ਸਿੰਘ ਨੇ ਹੌਲੀ ਜਿਹੀ ਦਾੜ੍ਹੀ ਖੁਰਕੀ।

"ਵੇਖ ਸਲਾਹ ਨਾਲ ਰਲਕੇ-ਆਪੋ ਵਿਚ ਅਸੀਂ ਜਿਹੜੀ ਗੱਲ ਕਰਾਂਗੇ...ਉਹਦੇ ਨਾਲ ਦੀ ਰੀਸ ਨੀਂ..." ਕਰਮ ਸਿੰਘ ਇਕ ਪਲ ਰੁਕਿਆ ਤੇ ਸਾਰਿਆਂ ਦੇ ਚਿਹਰਿਆਂ ਵੱਲ ਤੱਕਿਆ। ਫਿਰ ਖੰਘੂਰਾ ਮਾਰ ਕੇ ਬੋਲਿਆ, "ਗੱਲ ਇਕ ਤਾਂ ਇਹ ਐ ਕਿ ਮਾਂ ਦਾ 'ਕੱਠ ਕਰਨਾ ਗੱਜਾ ਵਜਾ ਕੇ......ਸਾਰੇ ਅੰਗ-ਸਾਕ ਸੱਦਣੇ ਨੇ...ਬੁੱਢੜੀ ਕਰਮਾਂ ਆਲੀ...ਦੋਹਤਿਆਂ ਪੋਤਿਆਂ ਵਾਲੀ ਹੋ ਕੇ...ਉਮਰ ਭੋਗ ਕੇ ਗਈ ਆ...ਉਹਨੂੰ ਵੱਡਿਆਂ ਕਰਨਾ...ਹੈ ਕੀ ਸਲਾਹ ਐ?"

"ਪੁੱਤ! ਮੇਰੀ ਸਲਾਹ ਕੀ ਹੋਣੀ ਐ...ਪਰ ਸਾਡੇ ਅਰਗੇ ਛੋਟੇ ਬੰਦਿਆ ਨੂੰ ਕਾਹਦਾ ਵੱਡਾ ਕਰਨਾ ਹੋਇਆ..." ਬਿਸ਼ਨ ਸਿੰਘ ਦੀ ਟੁੱਟਵੀਂ ਆਵਾਜ਼ ਸੀ।

"ਮੈਂ ਵੀ ਕਰਮ ਨੂੰ ਕਿਹਾ ਕਿ ਇਹ ਫਜ਼ੂਲ ਖਰਚੀ ਐ ਇਹ ਮੰਨਦਾ ਨ੍ਹੀਂ..."

"ਓ ਭਾ ਜੀ! ਭਾਈਚਾਰਾ ਆਖੂ! ਚੰਗੇ ਭਲੇ ਪੁੱਤ ਕਮਾਉਂਦੇ...ਪੈਸੇ ਵਾਲੇ...ਕੀ ਮਰੀ ਪੈਗੀ...ਤੁਹਾਡੇ ਪੜ੍ਹਿਆਂ ਲਿਖਿਆਂ ਲਈ ਹੋਊ ਫ਼ਜ਼ੂਲ ਖਰਚੀ...ਨਾਲੇ ਤੁਹਾਨੂੰ ਕੀ... ਤੁਸੀਂ ਤਾਂ ਸ਼ਹਿਰ ਰਹਿਣਾ। ਏਥੇ ਮਿਹਣੇ ਤਾਂ ਸਾਨੂੰ ਵੱਜਣੇ ਨੇ..." ਕਰਮ ਸਿੰਘ ਅਜੇ ਬੋਲ ਹੀ ਰਿਹਾ ਸੀ ਕਿ ਬਚਨੋਂ ਉਹਦੀ ਗੱਲ ਟੁੱਕ ਕੇ ਬੋਲ ਪਈ।

',ਹਾਹੋ...ਨਹੀਂ ਨਹੀਂ ਭਾ ਜੀ, ਤੁਸੀਂ ਵੀ ਕਿਹੋ ਜਿਹੀਆਂ ਗੱਲਾਂ ਕਰਦੇ ਓ..." ਬਚਨੋਂ ਸਵਰਨ ਸਿੰਘ ਨੂੰ ਤਿੱਖੀ ਹੋ ਕੇ ਪਈ, "ਭਾਊ ਕਰਮ ਸੂਹ ਠੀਕ ਆਂਹਦਾ ਏ...ਓਧਰ ਮੇਰੇ ਸਹੁਰੇ ਤਾਂ ਤਿਆਰੀਆਂ ਵੀ ਕੱਸੀ ਬੈਠੇ ਹੁਣੇ ਨੇ...ਮੈਨੂੰ ਤਾਂ ਦਰਾਣੀਆਂ ਜਠਾਣੀਆਂ ਛਿੱਬੀਆਂ ਦੇ ਦੇ ਮਾਰ ਛੱਡਣਾ...।"


Sri Satguru Jagjit Singh Ji eLibrary NamdhariElibrary@gmail.com

ਘੁਦੂ ਨੂੰ ਪਤਾ ਸੀ, ਬਿਸ਼ਨ ਸਿੰਘ ਦੇ ਰਾਹੀਂ ਗੱਲ ਉਸ ਨਾਲ ਹੋ ਰਹੀ ਸੀ। ਉਸਦਾ ਜੀਅ ਕੀਤਾ ਬਚਨੋਂ ਦੇ ਵੱਟ ਕੇ ਚਪੇੜ ਮਾਰੇ। ਸਵਰਨ ਸਿੰਘ ਠੀਕ ਹੀ ਕਹਿ ਰਿਹਾ ਸੀ ਕਿ ਇਹ ਫ਼ਜ਼ੂਲ ਖਰਚੀ ਹੈ। ਘੁਦੂ ਨੂੰ ਆਪਣਾ ਘਰ ਦਿਸ ਰਿਹਾ ਸੀ।

"ਵੇਖੋ ਭਈ ! ਮੈਂ ਪਿੱਛੇ ਤਾਂ ਨ੍ਹੀ ਹਟਦਾ। ਜਿੰਨਾ ਖਰਚ ਮੇਰੇ ਹਿੱਸੇ ਆਉਂਦਾ, ਦਸ ਦਿਓ ਅਟਾ ਸਟਾ ਪਰ ਮੇਰਾ..." ਸਵਰਨ ਸਿੰਘ ਬੋਲਿਆ।

ਘੁਦੂ ਨੂੰ ਆਸ ਸੀ ਸਵਰਨ ਸਿੰਘ ਇਸਦੇ ਵਿਰੋਧ ਵਿਚ ਡਟੇਗਾ। ਪਰ ਉਹਦੇ ਸਹਾਰੇ ਦੀ ਲੱਜ ਛੇਤੀ ਹੀ ਉਸਦੇ ਹੱਥੋਂ ਡਿਗ ਪਈ ਤੇ ਸੋਚਾਂ ਤੇ ਫਿਕਰਾਂ ਦੇ ਖੂਹ ਵਿਚ ਧੜਮ ਡਿਗ ਪਿਆ। ਉਹ ਧੁਖ ਰਿਹਾ ਸੀ ਤੇ ਉਹਦੇ ਅੰਦਰ ਹੀ ਅੰਦਰ ਧੂੰਆਂ ਇਕੱਠਾ ਹੋ ਗਿਆ ਸੀ।

"ਪੰਜ ਸੱਤ ਹਜ਼ਾਰ ਤਾਂ ਸਹਿਜੇ ਲੱਗ ਜੂ। ਨਾਲੇ ਭਾ ਜੀ ਹੁਰੀਂ ਕਹਿੰਦੇ ਆ ਸਤਾਈ ਸੌ ਰੁਪੈਆ ਮਾਂ ਦੀ ਬੀਮਾਰੀ ਤੇ ਇਹਨਾਂ ਖਰਚ ਕੀਤਾ। ਆਪਾਂ ਤਿੰਨਾਂ ਨੂੰ ਨੌਂ ਨੌਂ ਸੌਂ ਆਉਂਦਾ..." ਕਰਮ ਸਿੰਘ ਸਾਰੇ ਖਰਚ ਦਾ ਵਿਸਥਾਰ ਦੱਸ ਰਿਹਾ ਸੀ।

ਮਾਂ ਦੀ ਬੀਮਾਰੀ ਦਾ ਖਰਚਾ ਵੰਡੇ ਜਾਣ ਦੀ ਗੱਲ ਸੁਣ ਕੇ ਘੁਦੂ ਨੂੰ ਧੱਕਾ ਲੱਗਾ। ਉਹ ਦੰਦਾਂ ਵਿਚ ਬੁਲ੍ਹ ਟੁੱਕਣ ਲਗਾ। ਉਹਨੂੰ ਸੁਝ ਨਹੀਂ ਸੀ ਰਹੀ, ਕੀ ਕਹੇ— ਕੀ ਨਾ ਕਹੇ ?

"ਮਾਂ ਦੀ ਬੀਮਾਰੀ ਤੇ ਖਰਚ ਕਰਤਾ। ਫਿਰ ਕੀ ਐ ? ਇਹਨੇ ਵਿਚਾਰੇ ਨੇ ਸਾਰੀ ਉਮਰ ਉਹਨੂੰ ਰੋਟੀ ਵੀ ਤਾਂ ਖਵਾਈ ਹੈ।" ਬਿਸ਼ਨ ਸਿੰਘ ਨੇ ਹਿੰਮਤ ਕਰਕੇ ਜਿਵੇਂ ਗੱਲ ਕਹਿ ਹੀ ਦਿਤੀ।

"ਲੈ ਵੇਖੋਂ ਨਾ ਬਾਪੂ...ਆਹ ਰਈ ਨ੍ਹੀ ਠੀਕ...ਜੇ ਇਹਨੇ ਰੋਟੀ ਖਵਾਈ ਤਾਂ ਸਾਰੀ ਉਮਰ ਗਲੱਮ ਵੀ ਤਾਂ ਉਹ ਇਹਦਾ ਦੀ ਕਰਦੀ ਰਹੀ ਐ। ਇਹਦੇ ਨਿਆਣੇ ਸਾਂਭੇ, ਗੂੰਹ-ਮੂਤ ਧੋਤਾ..." ਬਚਨੋਂ ਬੁੱਕਲ ਚੋਂ ਹੱਥ ਕਢ ਕੇ ਪੰਜਾ ਹਿਲਾ ਹਿਲਾ ਗੱਲਾਂ ਕਰ ਰਹੀ ਸੀ, "ਦੇਖੋ ਨਾਂ ਮਾਂ ਪਿਉ ਦੇ ਹਿਸੇ ਦੀ ਜੈਦਾਦ ਵੀ ਤਾਂ ਫਿਰ ਇਹੋ ਖਾਂਦਾ ਸੀ...।"

"...ਤੂੰ...ਤੂੰ ਚੁਪ ਵੀ ਕਰ। ਵੱਡੀ ਵਕੀਲਣੀ ਆ ਗੀ।" ਘੁਦੂ ਚਮਕ ਕੇ ਪਿਆ। ਉਹਦੀਆਂ ਨਾਸਾਂ ਫਰਕ ਰਹੀਆਂ ਸਨ। ਏਨੀ ਠੰਢ ਵਿਚ ਵੀ ਉਹਦਾ ਮੱਥਾ ਭੱਖ ਰਿਹਾ ਸੀ।

"ਲੈ...ਮੈਂ ਨ੍ਹੀਂ ਬਹਿੰਦੀ...ਵੇਖੋਂ ਨਾ ਇਹਨੂੰ ਤਾਂ ਮੈਂ ਜ਼ਹਿਰ ਲੱਗਦੀ ਆਂ ਨਿਰ੍ਹੀ...ਵੇਖੋਂ ਨਾ...ਲੈ ਮੈਂ ਨ੍ਹੀਂ ਬਹਿੰਦੀ..." ਬਚਨੋਂ ਹੱਥ ਮਾਰਦੀ ਗੁਸੇ ਵਿਚ ਉਬਲਦੀ ਤੁਰ ਗਈ।

ਤਣਾਉ ਵਾਲਾ ਮਾਹੌਲ ਬਣ ਜਾਣ ਕਰਮ ਸਿੰਘ ਨੇ ਗੱਲ ਟਾਲਣੀ ਚਾਹੀ ਕਿ ਬਚਨੋਂ ਮੂੰਹ ਭੂਆ ਕੇ ਫਿਰ ਬੋਲ ਪਈ।

"...ਵੇਖੋ ਨਾ...ਮੇਰਾ ਹਿੱਸਾ ਵੀ ਆ ਏਦਾਂ ਜ਼ਮੀਨ 'ਚ...ਤੂੰ ਬਹੁਤਾ ਆਇਆ...ਵਕੀਲਣੀ ਤੇ ਵਕੀਲਣੀ ਸਹੀ..."

"ਚਲੋ ਛੱਡੋ ! ਬਾਕੀ ਗੱਲਾਂ ਫਿਰ ਕਰ ਲਾਂਗੇ...ਸ਼ਾਂਤ ਹੋਵੋ .."ਤੇ ਐਤਕੀਂ ਕਰਮ ਸਿੰਘ ਸਿੱਧਾ ਘੁਦੂ ਨੂੰ ਸੰਬੋਧਨ ਹੋਇਆ, "ਭਾ ਜੀ ਕੋਲ ਤਾਂ ਟੈਮ ਨ੍ਹੀਂ...ਬੁੱਢੜੀ ਦੇ ਫੁੱਲ ਦੱਸ ਤੂੰ ਗੰਗਾ ਲੈ ਕੇ ਜਾਣੇ ਜਾਂ ਮੈਂ..."

ਦੋ ਮਿੰਟ ਘੁਦੂ ਚੁੱਪ ਕਰਕੇ ਬੈਠਾ ਰਿਹਾ। ਉਹਦੇ ਅੰਦਰ ਅਨੇਕਾਂ ਵਿਚਾਰ ਇਕ ਦੂਸਰੇ ਨੂੰ ਲਤਾੜਦੇ ਹੋਏ, ਕੱਟ-ਵੱਢ ਕੇ ਭੱਜੇ ਜਾ ਰਹੇ ਸਨ। ਪਲ ਭਰ ਲਈ ਬਾਹਰਲੀ ਧੁੰਦ ਜਿਵੇਂ ਉਹਦੇ ਅੰਦਰ ਪਸਰ ਗਈ ਸੀ। ਉਹ ਸੁੰਨ ਹੋਇਆ ਗੁੰਮ ਸੁੰਮ ਬੈਠਾ ਰਿਹਾ। ਤੇ ਫਿਰ ਜਿਵੇਂ ਉਹਦਾ ਧੁਖਦਾ ਅੰਦਰ ਮੱਚ ਪਿਆ ਹੋਵੇ। ਉਹ ਇਕਦਮ ਉਠ ਕੇ ਖੜੋ ਗਿਆ।

ਵੇਖੋ ਜੀ ! ਤੁਹਾਡੇ ਤੋਂ ਕੋਈ ਗੁੱਝੀ ਛਿਪੀ ਗੱਲ ਨ੍ਹੀ... ਆਪਾਂ ਆ ਮਰੋੜੇ...ਆਪਣੇ ਤੋਂ ਤਾਂ ਅਜੇ ਨ੍ਹੀਂ ਜੇ ਇਹ ਗੰਗਾ ਗੰਗਾ ਪੁਗਦੀਆਂ"...ਉਹ ਪਲ ਭਰ ਲਈ ਰੁਕਿਆ। ਸੰਘ 'ਚ ਰੁਕਿਆ ਥੁੱਕ ਲੰਘਾਇਆ ਤੇ ਸਿਰ ਝਟਕ ਕੇ ਬੋਲਿਆ, "ਜੇ ਬਹੁਤੀ ਗੱਲ ਐ...ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ...ਤੇ ਔਹ ਬੁਢੜਾ ਬੈਠਾ ਤੁਹਾਡੇ ਸਾਹਮਣੇ ਜਿਊਂਦਾ ਜਾਗਦਾ..."। ਉਸ ਬਿਸ਼ਨ ਸਿੰਘ ਵਲ ਇਸ਼ਾਰਾ ਕੀਤਾ—"ਇਹਦੇ ਮੈਂ ਕੱਲਾ ਈ ਗੰਗਾ ਪਾ ਆਊਂ..."

ਤਿੰਨੇ ਪਿਓ-ਪੁੱਤ ਹੈਰਾਨ ਹੋਏ ਉਸ ਦੇ ਮੂੰਹ ਵਲ ਵੇਖ ਰਹੇ ਸਨ। ਪਰ ਉਹ ਰੁਕਿਆ ਨਹੀਂ।

"...ਸੱਚੀ ਗੱਲ ਆ...ਅਜੇ ਆਪਣੀ ਪੁੱਜਤ ਨ੍ਹੀ... ਤੇ ਜੇ ਇਹ ਸੌਦਾ ਨ੍ਹੀਂ ਮਨਜ਼ੂਰ ਤਾਂ ਸਰਦਾਰ ਜੀ...ਔਹ ਕਿੱਲੀ 'ਤੇ ਮੇਰੇ ਤੀਜੇ ਹਿੱਸੇ ਦੇ ਫੁੱਲ ਲਿਆ ਕੇ ਟੰਗ ਦਿਓ...ਜਦੋਂ ਮੇਰੀ ਪਹੁੰਚ ਪਈ...ਮੈਂ ਆਪੇ ਪਾ ਆਊਂ"।

ਤੇ ਉਹ ਉਹਨਾਂ ਦੇ ਵਿੰਹਦਿਆਂ ਵਿੰਹਦਿਆਂ ਮੂੰਹ ਘੁੱਟ ਕੇ ਅੰਦਰ ਨੂੰ ਤੁਰ ਗਿਆ।



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਸਿੱਖ ਕੀ ਕਰੇ ਪ੍ਰਿਤਪਾਲ



ਸਤਿਗੁਰੂ ਪ੍ਰਤਾਪ ਸਿੰਘ ਜੀ

ਸਰਹਿੰਦ ਨਹਿਰ ਦੇ ਕਿਨਾਰੇ ਉਤੇ ਕੁਝ ਜ਼ਮੀਨ ਹੈ, ਭੈਣੀ ਸਾਹਿਬ ਗੁਰਦਵਾਰੇ ਦੇ ਨਾਮ। ਭੈਣੀ ਸਾਹਿਬ ਤੋਂ ਡੇਰਾ, ਸਿੱਧੀ ਪਗਡੰਡੀ ਰਾਹੀਂ, ਚਾਰ ਕੋਹ ਦੇ ਫਾਸਲੇ ਉਤੇ ਹੈ। ਇਹ ਸਥਾਨ ਸਤਿਗੁਰ ਪ੍ਰਤਾਪ ਸਿੰਘ ਜੀ ਨੂੰ ਬਹੁਤ ਪਿਆਰਾ ਸੀ। ਜੋ ਸ਼ਾਇਦ ਇਸ ਵਾਸਤੇ ਵੀ ਪ੍ਰਿਆ ਸੀ ਕਿ ਸਤਿਗੁਰੂ ਨਹਿਰ ਵਿਚ ਤਰਨਾ ਬਹੁਤ ਪਸੰਦ ਕਰਦੇ ਸਨ। ਜਦੋਂ ਕਿਤੇ ਵਿਸ਼ੇਸ਼ ਰੌਣਕ ਮੇਲਾ ਕਰਨਾ ਚਾਹੁੰਦੇ ਸਨ ਤਾਂ ਸਾਨੂੰ ਸਕੂਲ ਵਿਚੋਂ ਛੁੱਟੀ ਕਰਾ ਦਿੰਦੇ ਸਨ ਤੇ ਹੁਕਮ ਹੋ ਜਾਂਦਾ ਸੀ ਕਿ ਚਲੋ ਨਹਿਰ ਤੇ।

ਸਾਡੇ ਵਾਸਤੇ ਇਹ ਪਰੋਗਰਾਮ ਵਿਸਾਖੀ ਦੇ ਮੇਲੇ ਵਰਗਾ ਹੀ ਹੁੰਦਾ ਸੀ। ਸੰਤ ਹਰਭਜਨ ਸਿੰਘ ਜੀ ਸੁਬਹ ਤਿੰਨ ਵਜੇ ਹੀ ਉਠਾ ਕੇ ਇਸ਼ਨਾਨ ਦਾ ਹੁਕਮ ਕਰ ਦਿੰਦੇ। ਅਸੀਂ ਉਸ ਰਾਤ ਸੌਂਦੇ ਕਦੋਂ ਸਾਂ? ਸਾਰੀ ਰਾਤ ਹੀ ਨਹਿਰ ਦੇ ਚਾਅ ਵਿਚ ਉਸਲਵੱਟੇ ਲੈਂਦਿਆਂ ਲੰਘ ਜਾਂਦੀ ਸੀ।

ਬੇਅੰਤ ਜੀ-(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਵਲੱਭ ਜੀ, (ਮਹਾਰਾਜ ਬੀਰ ਸਿੰਘ ਜੀ) ਸੇਵਕਾਂ ਸਮੇਤ ਘੋੜਿਆਂ ਸਮੇਤ ਸਾਡੇ ਨਾਲ ਸਾਡੀ ਅਗਵਾਈ ਕਰ ਰਹੇ ਹੁੰਦੇ। ਨਹਿਰ ਦੇ ਡੇਰੇ ਉਤੇ ਉਸ ਦਿਨ ਲੰਗਰ ਪਾਣੀ ਦਾ ਵਿਸ਼ੇਸ਼ ਇੰਤਜ਼ਾਮ ਬੇਅੰਤ ਜੀ ਦੇ ਲਾਂਗਰੀ ਕਰਦੇ ਸਨ।

ਸਕੂਲ ਵਿਚ ਵੀ ਇਕ ਛੋਟਾ ਜਥਾ ਸੀ। ਜਿੰਨ੍ਹਾਂ ਨੇ ਕੁੱਤੇ ਗੱਡੀਆਂ ਬਣਾ ਛਡੀਆਂ ਸਨ। ਉਹ ਵੀ ਆਪਣੀਆਂ ਗੱਡੀਆਂ ਲੈ ਕੇ, ਸਾਡੇ ਅੱਗੇ ਪਿੱਛੇ ਆਪਣੀਆਂ ਕੁੱਤੇ ਗੱਡੀਆਂ ਦੀ ਦੌੜ ਕਰਦੇ, ਸਭ ਤੋਂ ਅਗੇ ਵਧਣ ਦਾ ਯਤਨ ਕਰਦੇ।

ਉਹਨਾਂ ਦਿਨਾਂ ਵਿਚ ਹੀ ਬਰਤਾਨੀਆਂ ਦੇ ਯੁਵਰਾਜ ਨੇ ਇਕ ਅਮਰੀਕਨ ਸੁੰਦਰੀ ਦੇ ਪਿਆਰ ਵਿਚ ਫਸਕੇ ਬਰਤਾਨੀਆ ਦੇ ਰਾਜ ਸਿੰਘਾਸਨ ਨੂੰ ਲੱਤ ਮਾਰ ਦਿਤੀ ਸੀ। ਕਿਉਂਕਿ ਮਿਸਿਜ਼ ਸਿੰਪਸਨ, ਸ਼ਾਹੀ ਘਰਾਣੇ ਵਿਚੋਂ ਨਹੀਂ ਸੀ, ਜਿਸ ਵਾਸਤੇ ਇਹ ਸਾਰਾ ਸਾਕਾ ਵਰਤਿਆ।

ਸਾਡੇ ਮੁੰਡਿਆਂ ਨੇ ਵੀ ਗੱਡੀ ਅਗੇ ਜੁੱਤੀ, ਕੁੱਤੀ ਦਾ ਨਾਮ ਸਿੰਪਸਨ ਤੇ ਕਤੂਰੇ ਦਾ ਨਾਮ ਚਾਰਲਸ ਰਖਿਆ ਹੋਇਆ ਸੀ ਤੇ ਇਹ ਦੋਵੇਂ ਗੱਡੀਆਂ ਅੰਬ ਲੱਦ ਕੇ ਲਿਆਉਣ ਵਾਸਤੇ ਸਾਡੇ ਨਾਲ ਜਾ ਰਹੀਆਂ ਸਨ ਡੰਡੀ-ਡੰਡੀ।

ਸਾਡੇ ਪਹੁੰਚਦੇ ਪਹੁੰਚਦੇ ਦਿਨ ਚੜ੍ਹ ਆਇਆ ਸੀ ਅਤੇ ਉਸ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣੇ ਜਥੇ ਸਮੇਤ ਨਹਿਰ ਉਤੇ ਪਹੁੰਚ ਗਏ ਸਨ।

ਏਸ ਡੇਰੇ ਉਤੇ ਦੋ ਸੀਜ਼ਨ ਬੜੇ ਮਾਅਰਕੇ ਦੇ ਹੁੰਦੇ ਸਨ। ਅਤਿਅੰਤ ਰੌਣਕ ਵਾਲੇ। ਸਿਆਲ ਵਿਚ ਕਮਾਦ ਪੀੜਨ ਵੇਲੇ ਅਤੇ ਗਰਮੀਆਂ ਵਿਚ ਅੰਬ ਚੂਪਣ ਸਮੇਂ। ਏਸ ਜ਼ਮੀਨ ਵਿਚ ਕਮਾਦ ਬਰਾਨੀ ਪੈਦਾ ਹੁੰਦਾ ਸੀ। ਜਿਸ ਦੀ ਗੁੜ ਸ਼ੱਕਰ ਸਾਰਾ ਸਾਲ ਭੈਣੀ ਸਾਹਿਬ ਦੇ ਸਿੱਖਾਂ ਨੂੰ ਰਸਤਾਂ ਪ੍ਰਦਾਨ ਕਰਦੀ ਸਾਂ ਅਤੇ ਨਹਿਰ ਉਤੇ ਇਕ ਮੀਲ, ਬੋਲੀ ਉਤੇ ਲੈ ਲਿਆ ਜਾਂਦਾ ਸੀ। ਜਿਸ ਵਿਚ ਤਕਰੀਬਨ ਸੱਠ ਅੰਬ ਸਨ। ਜੋ ਸਾਰੀ ਸੰਗਤ ਭੈਣੀ ਸਾਹਿਬ ਅਤੇ ਸਕੂਲ ਦੇ ਬੱਚਿਆਂ ਲਈ ਵਾਧੂ ਹੁੰਦੇ ਸਨ।

ਏਸੇ ਮੀਲ ਵਿਚ ਸਰਕੰਡਾ ਵੀ ਬਹੁਤ ਹੁੰਦਾ ਸੀ। ਜੋ ਬਾਲਣ ਦਾ ਕੰਮ ਦਿੰਦਾ ਸੀ ਅਤੇ ਭੈਣੀ ਸਾਹਿਬ ਦੀ ਲੋਹ ਵਾਸਤੇ ਕਾਫੀ ਸੀ। ਬੋਲੀ ਹੁੰਦੀ ਸੀ ੧੫ ਜਾਂ ੧੭ ਰੁਪਏ ਸਾਰੇ ਮੀਲ ਦੀ। ਕਿਸੇ ਨੂੰ ਦੋਸਤੀ ਤੇ ਕਿਸੇ ਨੂੰ ਦਬਾਅ ਨਾਲ ਉੱਚੀ ਬੋਲੀ ਤੋਂ ਸਿੰਘ ਰੋਕ ਦਿੰਦੇ ਸਨ।

ਸਾਡਾ ਇਹ ਮੌਸਮ ਅੰਬਾਂ ਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਾਂਗਰੀਆਂ ਨੂੰ ਹੁਕਮ ਕੀਤਾ—ਬੱਚਿਆਂ ਨੂੰ ਪਹਿਲਾਂ ਸ਼ਰਦਾਈ ਛਕਾਓ। ਫੇਰ ਦੋ ਘੰਟੇ ਅੰਬ ਤੇ ਫੇਰ ਨਹਿਰ ਤੇ ਤੈਰਾਕੀ ਦੇ ਮੁਕਾਬਲੇ ਕਰਾਏ ਜਾਣਗੇ।



Sri Satguru Jagjit Singh Ji eLibrary NamdhariElibrary@gmail.com

ਫੇਰ ਕੀ ਸੀ। ਅੰਬਾਂ ਦੀ ਸ਼ਾਮਤ ਆ ਗਈ। ਵੱਡੇ ਮੁੰਡਿਆਂ ਨੂੰ ਪਹਿਲਾਂ ਹੀ ਪਤਾ ਹੁੰਦਾ ਸੀ ਕਿ ਕਿਹੜੇ ਰੁੱਖ ਦੇ ਅੰਬ ਜ਼ਿਆਦਾ ਮਿੱਠੇ ਅਤੇ ਕਿਸ ਦੇ ਖੱਟੇ ਹਨ। ਅੰਬਾਂ ਸਾਰਿਆਂ ਦਾ ਹੀ ਉਲਾਰ ਪਾਣੀ ਵਾਲੇ ਪਾਸੇ ਸੀ, ਕਿਉਂਕਿ ਸੂਰਜ ਦੀ ਪਹਿਲੀ ਕਿਰਨ ਏਸੇ ਹੀ ਪਾਸੇ ਤੋਂ ਅੰਬਾਂ ਉਤੇ ਪੈਂਦੀ ਸੀ।

ਖਸਮਾਂ ਖਾਣੇ ਵਧੀਆ ਸੰਧੂਰੀ ਅੰਬ ਸਿਰਿਆਂ ਉਤੇ ਲਟਕ ਰਹੇ ਹੁੰਦੇ। ਜਿਸਦਾ ਅਰਥ ਸੀ ਹਲੂਣਾ ਦਿਤੇ ਤੋਂ ਅੰਬ ਨਹਿਰ ਵਿਚ ਜਾ ਡਿਗਦਾ। ਜੇ ਤੋੜੀਏ ਤਾਂ ਸਣੇ ਅੰਬ ਨਹਿਰ ਵਿਚ ਗੋਤੇ ਖਾਣੇ ਪੈਂਦੇ ਸਨ।

ਪਰ ਰਾਮਸਰ ਤਲਾਅ ਦੀ ਮਿਹਰਬਾਨੀ ਸਦਕਾ, ਸਾਰੇ ਬੱਚੇ ਹੀ ਤਰਨਾ ਸਿਖ ਗਏ ਸਨ। ਜਿਸ ਕਾਰਨ ਨਹਿਰ ਦੇ ਤੇਜ਼ ਵਹਾਅ ਤੇ ਡੂੰਘਾਈ ਤੋਂ ਘਟ ਹੀ ਡਰਦੇ ਸਨ।

ਅੱਜ ਤੋਂ ੫੦-੬੦ ਸਾਲ ਪਹਿਲਾਂ ਰਾਮਸਰ ਦਾ ਪਾਣੀ ਕਿਤੇ ਕਿਤੇ ਬੰਦਾ ਡੋਬੂ ਵੀ ਹੁੰਦਾ ਸੀ। ਕੋਠੀ ਅਤੇ ਸਕੂਲ ਦੀ ਸਾਰੀ ਧਰਤੀ ਰਾਮਸਰ ਉਤੇ ਲਗੇ ਟਿਊਬਵੈਲ ਨਾਲ ਹੀ ਸਿੰਜੀ ਜਾਂਦੀ ਸੀ। ਫੇਰ ਵੀ ਪਾਣੀ ਵਾਧੂ ਹੀ ਰਹਿੰਦਾ ਸੀ।

ਆਓ ਫੇਰ ਨਹਿਰ ਉਤੇ ਚਲੀਏ। ਅੰਬਾਂ ਦੇ ਹਿਸਾਬ ਨਾਲ ਛੋਟੇ ਬੱਚੇ ਵਡਿਆਂ ਦੇ ਰਹਿਮ ਉਤੇ ਹੀ ਸਨ। ਪਰ ਉਹ ਵੀ ਕਿਸੇ ਨਾ ਕਿਸੇ ਤਰ੍ਹਾਂ ਮਿੰਨਤ ਤਰਲੇ ਕਰਕੇ ਰੱਜ ਗਏ ਸਨ। ਹੁਣ ਦਸ ਵੱਜ ਚੁਕੇ ਸਨ ਤੇ ਸਤਿਗੁਰੂ ਜੀ ਨੇ ਸਾਰਿਆਂ ਨੂੰ ਹੀ ਡੇਰੇ ਉਤੇ ਕੱਠਿਆਂ ਕਰ ਲਿਆ ਸੀ। ਡੇਰੇ ਤੋਂ ਜੋ ਬਹੁਤ ਦੂਰ ਚਲੇ ਗਏ ਸਨ, ਉਹਨਾਂ ਉਥੋਂ ਹੀ ਨਹਿਰ ਵਿਚ ਛਾਲਾਂ ਮਾਰ ਦਿਤੀਆਂ ਸਨ। ਤੁਰਕੇ ਆਉਣ ਨਾਲੋਂ ਨਹਿਰ ਵਿਚ ਤਰਕੇ ਆਉਣਾ ਜ਼ਿਆਦਾ ਸੌਖਾ ਸੀ।

ਢਾਡੀ ਤਲਵਾਰ ਦੀ ਸਿਫਤ ਕਰਦਿਆਂ ਕਹਿੰਦੇ ਹੁੰਦੇ ਨੇ—ਸੂਰਮਿਆਂ ਨੂੰ ਸਵਾ ਹੱਥੀ ਅਤੇ ਕਾਇਰਾਂ ਨੂੰ ਸੈ-ਹੱਥੀ ਦਿਸਦੀ ਏ, ਤਿੰਨ ਫੁੱਟੀ ਕ੍ਰਿਪਾਨ। ਏਸੇ ਤਰ੍ਹਾਂ ਦੀ ਇਹ ਨਹਿਰ ਹੈ—ਸਿਰਹਿੰਦ ਕੈਨਾਲ। ਜਿਸ ਨੂੰ ਵੇਖਿਆਂ ਹੀ ਡਰ ਲੱਗਦਾ ਹੈ। ਸੈਂਕੜੇ ਫੁਟ ਚੌੜੀ ਅਤੇ ਸੋਲਾਂ ਫੁਟ ਡੂੰਘੀ ਬਲਾ ਦੀ ਤੇਜ਼, ਪਰ ਸਾਡੇ ਵਾਸਤੇ ਇਸ ਦਾ ਕੋਈ ਅਰਥ ਨਹੀਂ ਸੀ। ਸਾਰੇ ਦਿਨ ਵਿਚ ਕਈ ਗੇੜੇ ਉਰਾਰ ਪਾਰ ਜਾਣ ਉਤੇ ਨਾ ਹੀ ਥੱਕਦੇ ਤੇ ਨਾ ਹੀ ਅੱਕਦੇ ਸਾਂ। ਸਾਰੇ ਸਾਲ ਵਿਚ ਇਕ ਵੀ ਹਾਦਸਾ ਨਹੀਂ ਸੀ ਵਾਪਰਿਆ—ਸਤਿਗੁਰੂ ਜੀ ਦੀ ਕਿਰਪਾ ਸਦਕਾ।

ਸਭ ਤੋਂ ਪਹਿਲਾਂ ਸਤਿਗੁਰੂ ਜੀ ਨੇ ਨਹਿਰ ਵਿਚ ਛਾਲ ਮਾਰੀ ਅਤੇ ਬਾਦ ਵਿਚ ਸਭ ਨੇ ਅੱਗੜ-ਪਿਛਣ ਛਲਾਂਗਾਂ ਲਾ ਦਿਤੀਆਂ। ਮੂੰਹ ਸਾਰਿਆਂ ਦੇ ਹੀ ਚੜ੍ਹਦੇ ਪਾਣੀ ਵਲ ਸਨ। ਸਾਰਿਆਂ ਦੀ ਕੋਸ਼ਿਸ਼ ਇਹੋ ਸੀ ਬਿਲਕੁਲ ਸਿੱਧੇ ਤਰੀਏ, ਪਰ ਜਲ ਦੇਵਤਾ ਤਾਂ ਪਹਾੜਾਂ ਨੂੰ ਵੀ ਰੋੜ੍ਹ ਕੇ ਲੈ ਜਾਂਦਾ ਹੈ—"ਮਨੁੱਖ ਕਿਆ ਵੇਚਾਰਾ ਰਾਮ"।

ਸਤਿਗੁਰੂ ਜੀ ਨੇ ਤੇਜ਼ ਤਰਾਰ ਤੈਰਾਕਾਂ ਦਾ ਅੰਦਾਜ਼ਾ ਕਰ ਲਿਆ ਸੀ ਅਤੇ ਤਿੰਨ ਚਾਰ ਜੋੜੀਆਂ ਛਾਂਟ ਲਈਆਂ। ਸ਼ਰਤ ਸੀ, ਸਿਧੇ-ਵਧ ਤੋਂ ਵਧ-ਸਿੱਧੇ ਜਾਣਾ ਅਤੇ ਤੇਜ਼ ਤੈਰਨਾਂ। ਸਾਰਿਆਂ ਵਿਚੋਂ ਤੇਜ਼ ਜੋੜੀ ਦੋ ਕੱਕੇ ਨਿਕਲੇ। ਕੁੰਦਨ ਸਿੰਘ ਨਕਈ, ਅਤੇ ਕਪੂਰ ਸਿੰਘ ਸਿਆਮੀਆਂ। ਬੇਅੰਤ ਜੀ ਨੂੰ ਸਭ ਤੋਂ ਵਧ ਸਿੱਧੇ ਜਾਣ ਦੇ ਨੰਬਰ ਮਿਲੇ।

ਫੇਰ ਆਈ ਵਾਰੀ ਠੀਕਰੀ ਦੀ। ਇਹ ਕੰਮ ਵੀ ਬੜਾ ਔਖਾ ਸੀ। ਕਈ ਮੇਰੇ ਵਰਗਿਆਂ ਨੇ ਤਾਂ ਆਪ ਦੇ ਪੈਰਾਂ ਵਿਚ ਸਿਟ ਕੇ ਹੀ ਸੰਤੋਖ ਕਰ ਲਿਆ। ਕਈਆਂ ਨੇ ਨਹਿਰ ਦੇ ਅੱਧ ਨੂੰ ਪਾਰ ਕਰ ਲਿਆ। ਬੇਅੰਤ ਜੀ ਇਸ ਮੁਕਾਬਲੇ ਵਿਚ ਸ਼ਰੀਕ ਸਨ। ਪਰ ਬਾਜ਼ੀ ਕੁੰਦਨ ਸਿੰਘ ਨਕਈ ਨੇ ਜਿੱਤੀ। ਜਿਸ ਨੇ ਨਹਿਰੋਂ ਪਾਰ, ਸੜਕ ਉਤੇ ਠੀਕਰੀ ਸਿਟ ਕੇ ਨੰਬਰ ਪ੍ਰਾਪਤ ਕੀਤਾ।

ਪਰਸ਼ਾਦੇ ਛਕਣ ਪਿਛੋਂ ਬੱਚੇ ਤਾਂ ਫਿਰ ਅੰਬਾਂ ਉਤੇ ਜਾ ਚੜ੍ਹੇ। ਸ੍ਰੀ ਸਤਿਗੁਰੂ ਜੀ ਅੰਬ ਦੀ ਛਾਵੇਂ ਤਖਤਪੋਸ਼ ਉਤੇ ਜਾ ਬਿਰਾਜੇ। ਮੈਂ ਉਹਨਾਂ ਦੇ ਕੋਲੇ ਹੋ ਕੇ ਬੈਠ ਗਿਆ! ਕੁਝ ਦੇਰ ਚੁਪ ਰਹਿਣ ਪਿਛੋਂ ਮੈਨੂੰ ਕਹਿਣ ਲਗੇ ਤੈਨੂੰ ਇਕ ਗੱਲ ਦਸਾਂ?

ਅੰਨਾ ਭਾਲੇ 'ਦੋ ਅੱਖਾਂ' ਮੈਂ ਕਿਹਾ ਜੀ, ਦਸੋ?

ਅੱਜ ਤੋਂ ਕਈ ਸਾਲ ਪਹਿਲਾਂ ਦੀ ਗੱਲ ਹੈ, ਮੈਂ ਏਸੇ ਹੀ ਤਖਤ ਤੇ ਬੈਠਾ ਚੰਡੀ ਦੀ ਵਾਰ ਦਾ ਪਾਠ ਕਰ ਰਿਹਾ ਸਾਂ। ਸੂਰਜ ਅਜੇ ਥੋੜਾ ਹੀ ਉੱਚਾ ਹੋਇਆ ਸੀ। ਮੈਂ ਅਰਦਾਸ ਕੀਤੀ। ਮੂੰਹ ਮੇਰਾ ਸੂਰਜ ਵਲ ਹੀ ਸੀ। ਨਹਿਰੋਂ ਪਾਰ ਮੈਂ ਵੇਖਿਆ, ਪੰਡਿਤ ਮਨਸਾ ਸਿੰਘ ਜੀ ਆਪਣੇ ਪਿੰਡ ਭੜਥਲੇ ਤੋਂ ਆ ਰਹੇ ਸਨ। ਭੜਥਲਾ ਇਥੋਂ ਨੇੜੇ ਹੀ ਹੈ। ਮੈਨੂੰ ਵੇਖਕੇ ਕਪੜਿਆਂ ਸਮੇਤ ਨਹਿਰ ਵਿਚ ਛਾਲ ਮਾਰ ਦਿੱਤੀ। ਮੈਂ ਬੇ-ਹੱਦ ਹੈਰਾਨ ਹੋਇਆ, ਸਭ ਕੁਝ ਵੇਖ ਰਿਹਾ ਸਾਂ। ਪੰਡਿਤ ਜੀ ਨੇ ਪੰਜ ਸੱਤ ਪੁਠੇ ਸਿਧੇ ਹੱਥ ਮਾਰੇ ਅਤੇ ਲਗੇ ਗੋਤੇ ਖਾਣ। ਮੇਰੇ ਪਾਸ ਇਕ ਸਕਿੰਟ ਵੀ ਸੋਚਣ ਦਾ ਟਾਈਮ ਨਹੀਂ ਸੀ। ਬਿਜਲੀ ਦੀ ਫੁਰਤੀ ਨਾਲ, ਮੈਂ ਨਹਿਰ ਵਿਚ ਛਾਲ ਮਾਰੀ ਅਤੇ ਤੇਜ਼ੀ ਨਾਲ ਪੰਡਿਤ ਜੀ ਦੀ ਤਰਫ ਵਧਿਆ। ਪੰਡਿਤ ਜੀ ਵੀ ਪਾਣੀ ਨਾਲ ਜ਼ੋਰੋ ਜ਼ੋਰ ਜੂਝ ਰਹੇ ਸਨ।


Sri Satguru Jagjit Singh Ji eLibrary NamdhariElibrary@gmail.com

ਅਕਾਲ ਪੁਰਖ ਨੇ ਮੈਨੂੰ ਅਜੇਹੀ ਸ਼ਕਤੀ ਬਖਸ਼ੀ ਕਿ ਮੈਂ ਕੁਝ ਪਲਾਂ ਵਿਚ ਹੀ ਪੰਡਿਤ ਜੀ ਨੂੰ ਜਾ ਬੋਚਿਆ।

ਪਾਣੀ ਵਿਚੋਂ ਡੁਬਦੇ ਕਿਸੇ ਆਦਮੀ ਨੂੰ ਬਚਾਉਣਾ ਸਿਰ ਵੱਟੇ ਦੀ ਬਾਜ਼ੀ ਹੁੰਦੀ ਹੈ। ਪਾਣੀ ਨਾਲ ਗੋਥਲਿਆ ਤੇ ਘਬਰਾਇਆ ਆਦਮੀ ਇਕਦਮ ਗਲ ਨੂੰ ਚੰਬੜ ਜਾਂਦਾ ਹੈ, ਅਤੇ ਦੋਵੇਂ ਆਦਮੀ ਜਲ ਵਿਚ ਸਮਾਧੀ ਲੈ ਲੈਂਦੇ ਹਨ।

ਸਾਵਧਾਨ ਪੰਡਿਤ ਜੀ ਮੈਂ ਆ ਗਿਆ ਹਾਂ।

ਮੈਂ ਦੂਰ ਰਹਿਕੇ ਉਹਨਾਂ ਦੀ ਬਾਂਹ ਫੜੀ ਤੇ ਉਤਾਂਹ ਨੂੰ ਝਟਕਾ ਦੇ ਕੇ, ਪਾਣੀ ਤੋਂ ਉਭਾਰ ਲਿਆ।

ਮੈਂ ਫੇਰ ਸੰਬੋਧਨ ਕੀਤਾ—ਹੋਸ਼ ਵਿਚ ਆਓ। ਜੋ ਮੈਂ ਕਹਿੰਦਾ ਹਾਂ ਧਿਆਨ ਨਾਲ ਸੁਣੋ।

ਮੇਰੇ ਮੋਢੇ ਤੇ ਹੱਥ ਰੱਖਕੇ ਮੇਰੇ ਨਾਲ ਨਾਲ—ਦੂਸਰੇ ਹੱਥ ਨਾਲ ਤਰਨ ਦੀ ਕੋਸ਼ਿਸ਼ ਕਰੋ। ਜੋ ਮੈਂ ਕਹਿੰਦਾ ਹਾਂ ਤੁਸੀਂ ਧਿਆਨ ਨਾਲ ਸੁਣ ਲਿਆ ਹੈ? (ਸਤਿਗੁਰੂ ਜੀ ਨੇ ਫੇਰ ਦੁਹਰਾਇਆ ਅਤੇ ਪੰਡਿਤ ਜੀ ਨੂੰ ਕਿਹਾ)

ਪੰਡਿਤ ਜੀ ਹੁਣ ਕਾਫੀ ਸਾਵਧਾਨ ਹੋ ਚੁਕੇ ਸਨ। ਉਹਨਾਂ ਮੈਨੂੰ ਪਛਾਣ ਲਿਆ ਸੀ।

ਗਰੀਬ ਨਿਵਾਜ ਜਿਵੇਂ ਤੁਸੀਂ ਹੁਕਮ ਕਰੋਗੇ, ਮੈਂ ਓਸੇ ਤਰ੍ਹਾਂ ਹੀ ਕਰਾਂਗਾ। (ਪੰਡਿਤ ਜੀ ਕਿਹਾ)

ਬਰਫ ਵਰਗੇ ਪਾਣੀ ਵਿਚ ਮੈਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੁੜ੍ਹਕਾ ਆ ਰਿਹਾ ਹੋਵੇ। ਤਰਨਾ ਤਾਂ ਆਪਣੇ ਆਪ ਨੂੰ ਸਾਧ ਕੇ, ਔਖਾ ਸੌਖਾ ਲਗਦਾ ਹੈ, ਪਰ ਦੂਸਰੇ ਨੂੰ ਆਸਰਾ ਦੇਣਾ ਮੌਤ ਨਾਲ ਖੇਡਣਾ ਹੈ। ਸਤਿਗੁਰੂ ਜੀ ਮੈਨੂੰ ਦਸਿਆ।

ਅਜੇ ਅੱਧੀ ਨਹਿਰ ਹੀ ਮਸਾਂ ਅਬੂਰ ਕੀਤੀ ਸੀ, ਏਨੇ ਵਿਚ ਹੀ ਕਈ ਹੋਰ ਸਿੰਘਾਂ ਵੀ ਨਹਿਰ ਵਿਚ ਛਾਲਾਂ ਮਾਰ ਦਿਤੀਆਂ ਸਨ ਅਤੇ ਸਾਨੂੰ ਆ ਮਿਲੇ, ਪਰ ਮੈਂ ਉਹਨਾਂ ਨੂੰ ਸੈਨਤ ਨਾਲ ਹੀ ਸਮਝਾ ਦਿਤਾ ਸੀ ਕਿ ਸਾਥੋਂ ਕੁਝ ਫਾਸਲੇ ਉਤੇ ਹੀ ਰਹੋ।

ਹਜ਼ਾਰਾ ਸਿੰਘ, ਧਾਰਾ ਸਿੰਘ, ਗੁਰਦਿਤ ਸਿੰਘ ਆਦਿ ਬਹੁਤ ਸਾਰੇ ਸਿੱਖ ਉਸ ਵੇਲੇ ਨਹਿਰ ਉਤੇ ਹੀ ਸਾਡੇ ਨਾਲ ਸਨ। ਕਿਉਂਕਿ ਨਹਿਰ ਉਤੇ ਹੀ ਪਾਠਾਂ ਦਾ ਪ੍ਰੋਗਰਾਮ ਚੱਲ ਰਿਹਾ ਸੀ। ਉਸ ਵੇਲੇ ਦਿਨ ਦੇ ਤਿੰਨ ਕੁ ਵੱਜੇ ਹੋਣਗੇ, ਭਾਈ ਵਜ਼ੀਰ ਸਿੰਘ ਜੀ ਸ਼ਰਦਾਈ ਦਾ ਗਲਾਸ ਲੈ ਕੇ ਆਣ ਹਾਜ਼ਰ ਹੋਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਇਹ ਸਾਖੀ ਸੁਣਾ ਰਹੇ ਸਨ ਤੇ ਮੇਰੀ ਬਿਰਤੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਦੀ ਉਸ ਘਟਨਾ ਵਿਚ ਜਾ ਪਹੁੰਚੀ, ਜਦੋਂ ਗੁਰੂ ਜੀ ਸੌਣ ਦੀ ਤਿਆਰੀ ਕਰ ਰਹੇ ਸਨ। ਅਨੰਦਪੁਰ ਸਾਹਿਬ ਦੀ ਧਰਤੀ ਰਾਤ ਦੇ ਅੱਠ ਦਸ ਵਜੇ ਦਾ ਸਮਾਂ। ਗੁਰੂ ਜੀ ਬਿਰਾਜਣ ਤੋਂ ਪਹਿਲਾਂ ਕੀਰਤਨ ਸੋਹਿਲੇ ਦਾ ਪਾਠ ਕਰਕੇ ਹਟੇ ਸਨ। ਦੂਰੋਂ, ਬਹੁਤ ਦੂਰੋਂ, ਕੋਈ ਆਸ਼ਕੀ ਦੇ ਰੰਗ ਵਿਚ ਰੱਤੀ, ਬਿਰਹੋਂ ਮਾਰਿਆ ਬਿਰਹੀ ਸੋਹਣੀ ਮਹੀਵਾਲ ਦਾ ਕਿੱਸਾ ਗਾ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਧਿਆਨ ਵੀ ਓਸੇ ਪਾਸੇ ਹੀ ਚਲਾ ਗਿਆ ਅਤੇ ਕਾਫੀ ਦੇਰ ਤਕ ਸਤਿਗੁਰੂ ਸੱਚੇ ਪਾਤਸ਼ਾਹ ਉਹ ਦੁਨਿਆਵੀ ਕਿੱਸਾ ਸੁਣਦੇ ਰਹੇ, ਜਿਸ ਵਿਚ ਸੋਹਣੀ ਦੀਆਂ ਅੰਤਲੀਆਂ ਘੜੀਆਂ ਦਾ ਦਰਦਨਾਕ ਵਰਣਨ ਸੀ।

ਕਿਸ ਤਰ੍ਹਾਂ ਨਣਾਨ ਨੇ ਧਰੋਹ ਕਮਾ ਕੇ ਪੱਕੇ ਦੀ ਥਾਂ ਕੱਚਾ ਰਖਕੇ ਨਿਸਚਿੰਤ ਹੋ ਘਰ ਨੂੰ ਪਰਤ ਗਈ ਸੀ।

ਤੁੱਲੇ ਘੁਮਿਆਰ ਦੀ ਧੀ ਸੋਹਣੀ, ਰਾਤ ਦਿਨ ਭਾਂਡਿਆਂ ਦਾ ਕੰਮ ਕਰਨ ਵਾਲੀ, ਇਕ ਸਕਿੰਟ ਵਿਚ ਸਭ ਕੁਝ ਸਮਝ ਗਈ। ਹੁਣ ਪਿਛੇ ਪਰਤਣਾ ਤਾਂ ਵੱਡਾ ਮਿਹਣਾ ਸੀ।

ਅੱਲਾ ਦਾ ਨਾਮ ਲੈਕੇ ਉਬਲ ਉਬਲ ਪੈਂਦੇ ਝਨਾ ਵਿਚ ਠਿੱਲ੍ਹ ਪਈ। ਕੱਚੇ ਘੜੇ ਨੇ ਤਾਂ ਕੱਚ ਹੀ ਕਮਾਉਣਾ ਸੀ। ਕੁਝ ਸਕਿੰਟਾਂ ਵਿਚ ਹੀ ਕੀਚਰ ਕੀਚਰ ਹੋ ਕੇ ਖਿਲਰ ਗਿਆ। ਗੋਤੇ ਖਾਂਦੀ ਸੋਹਣੀ ਨੇ ਨਾਰ੍ਹਾ ਮਾਰਿਆ—

"ਆ ਓ ਸਜਨ ! ਤੂੰ ਮੁਖ ਲੱਗ ;
ਮੇਰਾ ਤਨ ਮਨ ਠੰਢੜਾ ਹੋਇ"

ਮਹੀਂਵਾਲ ਦੇ ਕੰਨ ਤਾਂ ਉਸੇ ਪਾਸੇ ਹੀ ਲੱਗੇ ਹੋਏ ਸਨ। ਆ ਵੇਖਿਆ ਨਾ ਤਾ, ਸਿਧਾ ਤੀਰ ਵਾਂਗ ਝਪਟਿਆ ਗੋਤੇ ਖਾਂਦੀ ਸੋਹਣੀ ਨੂੰ ਜਾ ਜੱਫੀ ਪਾਈ। ਦੋਵੇਂ ਇਕ ਜੋਤ ਹੋ ਗਏ। ਜਿਉਂਦੇ ਜੀ ਸਾਰੀਆਂ ਇਛਾਵਾਂ ਮੁੱਕ ਗਈਆਂ।

"ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ"

ਜਦੋਂ ਆਵਾਜ਼ ਦੂਰ ਦੂਰ ਹੋ ਕੇ ਮੱਧਮ ਹੋ ਗਈ ਤਾਂ ਸਿੱਖਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ :

ਸੋਹਣੀ ਮਹੀਂਵਾਲ ਦਾ ਇਹ ਦੁਨਿਆਵੀ ਕਿੱਸਾ ਤੁਸੀਂ ਏਨੇ ਧਿਆਨ ਨਾਲ ਸੁਣਿਆ ? ਸਤਿਗੁਰੂ ਜੀ ਨੇ ਫੁਰਮਾਇਆ ਹਾਂ ਭਾਈ ਇਹ ਕਿੱਸਾ ਸੱਚੇ ਆਸ਼ਕਾਂ ਦਾ ਸੀ। ਇਹ ਆਸ਼ਕ ਕੋਈ ਮਾਮੂਲੀ ਇਨਸਾਨ ਨਹੀਂ ਸਨ। ਇਸ਼ਕ ਦੇ ਰੰਗ ਵਿਚ ਰੰਗੇ ਹੋਏ ਮਿਰਜ਼ਾ ਇੱਜ਼ਤ ਬੇਗ ਨੇ ਘਰ ਬਾਰ ਛਡਿਆ, ਇੱਜ਼ਤ ਸ਼ਾਨ ਗੁਆਈ, ਫਕੀਰ ਮਹੀਂਵਾਲ ਬਣਿਆ, ਐਸ਼-ਆਰਾਮ ਭੋਗਣ ਦੀਆਂ ਸਭ ਇਛਾਵਾਂ ਤਿਆਗ ਕੇ ਫਕੀਰ


Sri Satguru Jagjit Singh Ji eLibrary NamdhariElibrary@gmail.com

ਬਣਿਆ ਅੰਤ ਨੂੰ ਸੋਹਣੀ ਪਿੱਛੇ ਆਪਣੀ ਜਾਨ ਵੀ ਕੁਰਬਾਨ ਕਰ ਦਿਤੀ।

ਸਾਡੀ ਵੀ ਏਨੀ ਹੀ ਡੂੰਘੀ ਪ੍ਰੀਤੀ ਅਕਾਲ-ਪੁਰਖ ਦੇ ਚਰਨਾਂ ਨਾਲ ਹੋਵੇ ਤਾਂ ਹੀ ਮਨੁੱਖ ਨੂੰ ਕੁਝ ਪ੍ਰਾਪਤੀ ਹੋ ਸਕਦੀ ਹੈ। ਫੋਕੀ ਰਾਮ ਰਾਮ ਨਾਲ ਕੁਝ ਨਹੀਂ ਸੰਵਰਨਾ।

ਮੈਂ ਸੋਚ ਰਿਹਾ ਸਾਂ—ਮਿਰਜ਼ਾ ਇਜ਼ਤ ਬੇਗ ਤਾਂ ਆਪਣੀ ਸੁਕੋਮਲ, ਸੁਬਕ-ਨਾਜ਼ਿਲੀ, 'ਕਨਕਾ ਛੜੀ ਸੀ ਕਾਮਨੀ' ਸੋਹਣੀ ਨੂੰ ਵੀ ਨਹੀਂ ਸੀ ਬਚਾ ਸਕਿਆ। ਏਧਰ ਪੰਡਿਤ ਮਨਸਾ ਸਿੰਘ ਜੀ ਪੂਰੇ ਭਰ ਜੁਆਨ ਸਨ, ਜੋ ਸੋਹਣੀ ਨਾਲੋਂ ਦੂਣੇ ਭਾਰੇ ਤਾਂ ਹੋਣਗੇ ਹੀ, ਜਿਹਨਾਂ ਨੂੰ ਸਤਿਗੁਰੂ ਜੀ ਨੇ ਫੁੱਲ ਦੀ ਤਰ੍ਹਾਂ ਬੋਚ ਲਿਆ।

ਆਦਮੀ ਤਾਂ ਆਦਮੀ ਹੀ ਹੈ, ਉਹ ਪਰਮ ਪੁਰਖ ਭਗਵਾਨ ਦੀ ਰੀਸ ਕਿਵੇਂ ਕਰ ਸਕਦਾ ਹੈ?

ਸ੍ਰੀ ਸਤਿਗੁਰੂ ਜੀ ਨੇ ਗਲਾਸ ਭਾਈ ਵਜ਼ੀਰ ਸਿੰਘ ਜੀ ਨੂੰ ਫੜਾਉਂਦਿਆਂ ਮੈਨੂੰ ਕਿਹਾ—ਤੂੰ ਕਿਥੇ ਚਲਾ ਗਿਆ ਸੈਂ?

ਮੈਂ ਉਤਲੀ ਸਾਰੀ ਵਾਰਤਾ ਸੱਚੇ ਪਾਤਿਸ਼ਾਹ ਜੀ ਨੂੰ ਸੁਣਾ ਦਿਤੀ। ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ—ਓਥੇ ਬਚਣ ਬਚਾਉਣ ਦੀ ਗੱਲ ਨਹੀਂ ਸੀ। ਉਹਨਾਂ ਦੀ ਮਿਲਾਪ ਦੀ ਤਾਂਘ ਹੀ ਸੀ। ਜਦੋਂ ਮਿਲ ਗਏ, ਇੱਛਾ ਪੂਰੀ ਹੋ ਗਈ। ਏਸ ਕਰਨੀ ਨੂੰ ਛੋਟੀ ਨਹੀਂ ਕਿਹਾ ਜਾ ਸਕਦਾ।

ਤੈਨੂੰ ਯਾਦ ਹੈ, ਕਾਜ਼ੀ ਮਸੀਤ ਦੇ ਬਾਹਰ ਮੁੱਸਲਾ ਵਿਛਾ ਕੇ ਨਿਮਾਜ਼ ਪੜ੍ਹ ਰਿਹਾ ਸੀ। ਰਾਂਝੇ ਦੇ ਪਿਆਰ ਵਿਚ ਮਗਨ ਹੀਰ ਕੋਲੋਂ ਦੀ ਲੰਘੀ ਤਾਂ ਕਾਜ਼ੀ ਕਹਿਣ ਲਗਾ।

ਜਾਹ! ਨਾਮਾਕੂਲੇ, ਮੇਰੀ ਨਿਮਾਜ਼ ਕਜ਼ਾ ਕਰ ਦਿਤੀ ਹੈ?

ਹੀਰ ਕਿਹਾ-ਕਾਜ਼ੀਆ ਪਾਜੀਆ। ਤੂੰ ਰੱਬ ਸੱਚੇ ਦੀ ਨਿਮਾਜ਼ ਅਦਾ ਕਰ ਰਿਹਾ ਸੀ ਕਿ ਮੇਰੀ ਉਡੀਕ ਵਿਚ, ਨਿਗਾਹ ਵਿਛਾਈ ਹੋਈ ਸੀ? ਮੇਰਾ ਤਾਂ ਇਕ ਆਦਮੀ ਨਾਲ ਪਿਆਰ ਹੈ ਅਤੇ ਮੈਨੂੰ ਉਸ ਤੋਂ ਬਿਨਾ ਹੋਰ ਕੁਝ ਵੀ ਨਹੀਂ ਸੀ ਨਜ਼ਰ ਆ ਰਿਹਾ, ਤੇ ਤੈਨੂੰ ਮਕਾਰਾ ਸਭ ਕੁਝ ਦਿਸ ਰਿਹਾ ਸੀ। ਕਾਫਰਾ ਜਹਾਨ ਦਿਆ?

"ਸਤਿਗੁਰੂ ਜੀ ਫੁਰਮਾਇਆ-ਸੱਚੇ ਆਸ਼ਕਾਂ ਦੀ ਨਿਗਾਹ, ਸੱਚੇ ਭਗਤਾਂ ਵਾਂਗ ਇਕ ਨਿਸ਼ਾਨੇ ਉਤੇ ਟਿਕੀ ਹੋਈ ਹੁੰਦੀ ਹੈ, ਉਹਨਾਂ ਨੂੰ ਮੌਤ ਦੀ ਬਿਲਕੁਲ ਪ੍ਰਵਾਹ ਨਹੀਂ ਹੁੰਦੀ। ਉਹ ਤਾਂ ਆਪਣੇ ਨਿਸ਼ਾਨੇ ਉਤੇ ਪਹੁੰਚਣਾ ਚਾਹੁੰਦੇ ਹਨ।

ਸੋਹਣੀ ਤੇ ਮਹੀਂਵਾਲ ਦੋਵੇਂ ਹੀ ਦੁਨੀਆਂ ਦੇ ਸਤਾਏ ਹੋਏ ਪ੍ਰੇਮੀ ਸਨ। ਜਦੋਂ ਇਕ ਦੂਸਰੇ ਨਾਲ ਜੱਫੀ ਪੈ ਗਈ, ਸਭ ਕੁਝ ਭੁੱਲ ਗਿਆ। ਏਸੇ ਹੀ ਤਰ੍ਹਾਂ ਜਿਵੇਂ ਸਮੁੰਦਰ ਦੀ ਸਤਹ ਉਤੇ ਤਰ ਰਹੇ ਸਿਪ ਵਿਚ ਸਵਾਤੀ ਬੂੰਦ ਪੈ ਜਾਂਦੀ ਹੈ, ਉਸ ਦੀਆਂ ਸਾਰੀਆਂ ਖਾਹਸ਼ਾਂ ਮੁਕ ਜਾਂਦੀਆਂ ਹਨ ਤੇ ਸਿੱਪ ਸਮੁੰਦਰ ਦੀ ਤਹਿ ਹੇਠਾਂ ਜਾ ਕੇ ਬੈਠ ਜਾਂਦਾ ਹੈ। ਮਿਲਾਪ ਪਿਛੋਂ ਇਹੋ ਦਸ਼ਾ ਆਸ਼ਕਾਂ ਦੀ ਹੁੰਦੀ ਹੈ। ਸਤਿਗੁਰੂ ਜੀ ਫੁਰਮਾਇਆ।

ਹਾਂ ਜੀ ਸਚੇ ਪਾਤਿਸ਼ਾਹ ਜੀ ਓਸ ਤੋਂ ਅਗੇ?

ਅਸੀਂ ਚਾਰ ਸੌ ਫੁਟ ਚੌੜੀ ਨਹਿਰ ਦਾ ਅੱਧ ਲੰਘ ਚੁਕੇ ਸਾਂ ਜਦੋਂ ਪੰਡਿਤ ਜੀ ਮਹਿਸੂਸ ਕੀਤਾ ਕਿ ਮੈਂ ਭਾਰ ਬਣਿਆ ਜਾ ਰਿਹਾ ਹਾਂ ਅਤੇ ਉਹਨਾਂ ਨੇ ਮੇਰੇ ਮੋਢੇ ਤੋਂ ਹੱਥ ਖਿੱਚ ਕੇ ਹੌਲਾ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਝਟਪਟ ਰੋਕ ਕੇ ਕਿਹਾ-

ਆਪਾਂ ਹੁਣ ਸਿਰੇ ਲਗਣ ਵਾਲੇ ਹਾਂ। ਮੈਨੂੰ ਕੁਝ ਨਹੀਂ ਹੁੰਦਾ। ਤੁਸੀਂ ਆਰਾਮ ਨਾਲ ਮੋਢੇ 'ਤੇ ਹੱਥ ਰਖੀ ਤਰਦੇ ਆਓ।

ਏਨੇ ਚਿਰ ਤਕ ਕਿਨਾਰਾ ਨੇੜੇ ਆ ਗਿਆ, ਜਦੋਂ ਅਸੀਂ ਬਾਹਰ ਆਏ, ਤਾ ਪੰਡਿਤ ਜੀ ਦੇ ਪੈਰ ਲੜ ਖੜਾ ਰਹੇ ਸਨ। ਉਹ ਮੇਰੇ ਪੈਰਾਂ ਤੇ ਡਿਗ ਕੇ: ਲੱਗੇ ਭੁੱਲਾਂ ਬਖਸ਼ੌਣ ਅਤੇ ਵਾਹਦਾ ਕੀਤਾ।

ਸਚੇ ਪਾਤਸ਼ਾਹ ਜੀ ਅੱਜ ਤੋਂ ਮੈਂ ਤਨ ਮਨ ਅਤੇ ਧਨ ਨਾਲ ਤੁਹਾਡਾ ਹੋ ਗਿਆ ਹਾਂ ਅਤੇ ਸਾਰੀ ਉਮਰ ਤੁਹਾਡਾ ਹੀ ਰਹਾਂਗਾ।

ਮੈਂ ਜਦੋਂ ਉਹਨਾਂ ਨੂੰ ਕਿਹਾ—

ਅੱਧ ਮੀਲ ਉਤੇ ਬੇੜੀ ਹੈ ਬੇੜੀ ਉਤੋਂ ਆਉਣਾ ਜਤਨ ਕਿਉਂ ਨਹੀਂ ਕੀਤਾ?

ਤਾਂ ਉਹ ਕਹਿਣ ਲਗੇ-ਮੈਨੂੰ ਕੁਝ ਵੀ ਪਤਾ ਨਹੀਂ ਲਗਾ ਕਿ ਕੀ ਕਰਨ ਲਗਾ ਹਾਂ?

ਏਸ ਪਿਛੋਂ ਸਾਰੀ ਉਮਰ ਲਈ ਆਪਣਾ ਜੀਵਨ ਗੁਰੂ ਜੀ ਦੀ ਸੇਵਾ ਵਿਚ ਅਰਪਿਤ ਕਰ ਦਿਤਾ। ਜਿਥੇ ਭੇਜਿਆ, ਉਥੇ ਚਲੇ ਗਏ। ਜਦੋਂ ਬੁਲਾਇਆ-ਓਸ ਵੇਲੇ ਆਣ ਹਾਜ਼ਰ ਹੋਏ। ਅੰਤ ਸਮਾਂ ਭੈਣੀ ਸਾਹਿਬ ਹੀ ਬੀਤਿਆ, ਸੇਵਾ ਕਰਦਿਆਂ।



Sri Satguru Jagjit Singh Ji eLibrary NamdhariElibrary@gmail.com



# ਚੋਜ ਅਟੱਲ ਪਰਤਾਪੀ ਦੇ

ਪੇਸ਼ਕਸ਼ : **ਸੁਰਜੀਤ ਖ਼ੁਰਸ਼ੀਦੀ**

□ ਸ਼ਿਮਲੇ ਤੇ ਕੁਝ ਕੁ ਦੂਰੀ ਤੇ, ਹੋਰ ਉਚਾਈ ਤੇ ਇਕ ਥਾਂ ਹੈ ਸੰਜੌਲੀ। ਸ਼ਿਮਲੇ ਅਤੇ ਸੰਜੌਲੀ ਦੇ ਰਾਹ ਵਿਚ ਇਕ ਕਾਰ ਖੜੋਤੀ ਹੋਈ ਸੀ। ਸਤਿਗੁਰੂ ਸੱਚੇ ਪਾਤਸ਼ਾਹ ਨਿੱਜੀ ਸੇਵਕਾਂ ਸੰਗ ਖੜੋਤੇ ਦੂਰ ਦੂਰ ਦੀਆਂ ਪਹਾੜੀ ਸਿਖਰਾਂ ਦਾ ਹੁਸਨ ਮਾਣ ਰਹੇ ਸਨ। ਕੁਝ ਸਿੰਘ, ਫੌਜੀ ਵਰਦੀ ਵਿਚ ਪਾਸ ਦੀ ਲੰਘਣ ਲੱਗੇ ਤਾਂ ਇਕ ਵਰਦੀ ਧਾਰੀ ਨੇ ਆ ਕੇ ਸ੍ਰੀ ਚਰਨਾ ਤੇ ਨਮਸਕਾਰ ਕੀਤੀ।

ਗ਼ਰੀਬ ਨਿਵਾਜ਼ ਨੇ ਸਿਖ ਦੇ ਮੂੰਹ ਵਲ ਨਜ਼ਰ ਕੀਤੀ ਤੇ ਆਖਿਆ—ਭਾਈ ਸਿਖਾ ਤੂੰ ਪੂਨੀਆਂ ਪਿੰਡ ਤੋਂ ਹੈ।''

ਸਿਖ ਦਾ ਉਤਰ ਹਾਂ ਵਿਚ ਸੀ।

''ਤੂੰ ਉਹ ਬਖ਼ਤਾਵਰ ਸਿੰਘ ਹੋਰਾਂ ਦੇ ਪਰਿਵਾਰ ਵਿਚੋਂ ਜਾਪਦਾ ਹੈਂ।''

ਸੱਚੇ ਪਾਤਸ਼ਾਹ ਮੈਂ ਬਖ਼ਤਾਵਰ ਸਿੰਘ ਦਾ ਪੰਜਵੇਂ ਥਾਂ ਨਿੱਕ। ਭਰਾ ਹਾਂ।

ਇਹ ਘਟਨਾ ਮੇਰੇ ਪਿਤਾ ਦੇ ਭੂਆ ਦੇ ਪੁਤ ਭਰਾ ਨਾਲ ਘਟੀ। ਵਰਦੀਆਂ ਵਾਲੇ ਸੈਨਕਾਂ ਵਿਚ ਤਾਂ ਸ਼ਾਇਦ ਕੋਈ ਮਾਂ ਵੀ ਆਪਣੇ ਪੁਤਰ ਨੂੰ ਨਾ ਪਹਿਚਾਣ ਸਕੇ। ਏਥੇ ਤਾਂ ਪਿੰਡ ਹੀ ਨਹੀਂ ਘਰਾਣਾ ਵੀ ਦੱਸ ਦਿਤਾ ਗਿਆ।-ਮੈਨੂੰ ਇਹ ਘਟਨਾ ਮੇਰੇ ਪਿਤਾ ਸੰਤ ਅਰਜਣ ਸਿੰਘ ਨਾਮਧਾਰੀ ਪਿੰਡ ਤੱਖਰਾਂ ਨੇ ਸੁਣਾਈ ਸੀ।

—

□ ਗੱਲ ਬਹੁਤੀ ਪੁਰਾਣੀ ਹੋਣ ਕਰਕੇ ਪਾਤਰਾਂ ਅਤੇ ਉਸ ਘੋੜੀ ਦੇ ਨਾਵਾਂ ਬਾਰੇ ਹੁਣ ਚੇਤਾ ਨਹੀਂ ਰਿਹਾ। ਹਾਂ ਘਟਨਾ, ਜਿਵੇਂ ਮੇਰੇ ਪਿਤਾ ਨੇ ਸੁਣਾਈ ਸੀ, ਪੇਸ਼ ਹੈ।

ਸਤਿਗੁਰ ਸੱਚੇ ਪਾਤਸ਼ਾਹ ਪਾਸ ਇਕ ਬਹੁਤ ਹੀ ਸ਼ਾਨਦਾਰ, ਵਡਮੁੱਲੀ ਘੋੜੀ ਸੀ। ਇਹ ਘੋੜੀ ਦੇਸ ਦੇ ਅੰਗਰੇਜ਼ ਵਾਇਸਰਾਏ, ਸ਼ਾਇਦ ਉਹ ਲਾਰਡ ਲਿਨ ਲਿਥਗੋ ਸੀ, (ਮੇਰੇ ਪਿਤਾ ਨੂੰ ਲਾਰਡਾਂ ਦੇ ਨਾਵਾਂ ਦਾ ਕਿਵੇਂ ਪਤਾ



Sri Satguru Jagjit Singh Ji eLibrary NamdhariElibrary@gmail.com

ਹੋਣਾ ਸੀ), ਨੂੰ ਬਹੁਤ ਹੀ ਚੰਗੀ ਲੱਗੀ। ਉਸਨੇ ਆਪ ਕਹਿਲਾਇਆ ਜਾਂ ਉਸ ਦੀ ਪਸੰਦ ਜਾਣ ਕੇ ਕਿਸੇ ਅਹਿਲ-ਕਾਰ ਨੇ ਸੱਚੇ ਪਾਤਸ਼ਾਹ ਨੂੰ ਅਰਜ਼ ਕੀਤੀ ਕਿ ਲਾਰਡ ਸਾਹਿਬ ਨੂੰ ਘੋੜੀ ਬਹੁਤ ਪਸੰਦ ਹੈ ਇਸ ਲਈ ਘੋੜੀ ਸੁਗਾਤ ਵਜੋਂ ਦੇ ਦਿਤੀ ਜਾਵੇ। ਹੁਣ ਸੁਗਾਤ ਅਤੇ ਉਹ ਵੀ ਅੰਗਰੇਜ਼ ਲਾਰਡ ਨੂੰ? ਸੱਚੇ ਪਾਤਸ਼ਾਹ ਵਚਨ ਕੀਤਾ, ਸਾਨੂੰ ਉਸ ਲਾਰਡ ਨਾਲੋਂ ਵਧ ਸ਼ੌਕ ਹੈ ਇਸ ਲਈ ਰੱਖੀ ਹੋਈ ਹੈ। ਗੱਲ ਆਈ ਗਈ ਹੋ ਗਈ। ਪਰ ਹੌਲੀ ਹੌਲੀ ਜਾਣੀਜਾਣ ਪਾਤਸ਼ਾਹ ਤਕ ਗੱਲ ਪੁਜ ਗਈ ਕਿ ਲਾਰਡ ਸਾਹਿਬ ਨੇ ਟਿਪਣੀ ਕੀਤਾ ਹੈ ਕਿ ਠੀਕ ਹੈ "ਵਿਚਾਰੇ" ਪਾਸ ਇਕ ਹੀ ਤਾਂ ਘੋੜੀ ਹੋਣੀ ਹੈ, ਦੇਵੇ ਵੀ ਕਿਵੇਂ?

ਲੁਧਿਆਣੇ ਲਾਗੇ ਇਕ ਪਿੰਡ ਹੈ ਨੰਦਪੁਰ, ਅੱਜ ਕਲ੍ਹ ਏਥੇ ਹਵਾਈ ਅੱਡਾ ਹੈ, ਉਥੇ ਕਿਸੇ ਵਡੇ ਉਦਘਾਟਨ ਤੇ ਖੁਦ ਵਾਇਸਰਾਏ ਹਿੰਦ ਨੇ ਪੁਜਣਾ ਸੀ। ਸੱਚੇ ਪਾਤਸ਼ਾਹ ਨੇ ਵਧੀਆ ਨਸਲ ਦੀਆਂ ਗਊਆਂ ਅਤੇ ਇਕ ਤੋਂ ਵਧਕੇ ਇਕ ਵਧੀਆ ਘੋੜੀਆਂ ਦੀ ਉਥੇ ਨੁਮਾਇਸ਼ ਲਗਾ ਕੇ ਦੱਸ ਦਿੱਤਾ ਕਿ ਗੱਲ ਇਕੋ ਘੋੜੀ ਹੋਣ ਦੀ ਨਹੀਂ, ਸਗੋਂ ਬਿੱਲੇ ਨੂੰ ਕੋਈ ਸੌਗਾਤ ਦੇਣ ਤੋਂ ਨਾਂਹ ਕਰਨ ਦੀ ਸੀ।

ਨਹਿਰ ਸਰਹਿੰਦ ਦੇ ਕੰਢੇ, ਢੰਡਿਆਂ ਵਾਲੀ ਕਿਸ਼ਤੀ ਤੋਂ ਚੜ੍ਹਦੇ ਪਾਸੇ, ਪਿੰਡ ਪੂਨੀਆਂ ਦੇ ਲਾਗੇ, ਨਾਮਧਾਰੀਆਂ ਦਾ ਇਕ ਪੁਰਾਣਾ ਡੇਰਾ ਹੈ, ਬਹੁਤ ਰਮਣੀਕ ਥਾਂ ਹੈ। ਗ਼ਰੀਬ ਨਿਵਾਜ਼ ਅਕਸਰ ਉਥੇ ਪਧਾਰਿਆ ਕਰਦੇ ਸਨ। ਇਕ ਦਿਨ ਓਥੇ ਉਸੇ ਉਪਰ ਦੱਸੀ ਘੋੜੀ ਤੇ ਸਵਾਰ ਹੋ ਕੇ ਪਧਾਰੇ। ਵਾਪਸੀ ਸਮੇਂ ਜਦੋਂ ਘੋੜੀ ਤੇ ਸਵਾਰ ਹੋਣ ਲੱਗੇ ਤਾਂ ਪਿੰਡ ਪੂਨੀਆਂ ਦੇ ਇਕ ਗ਼ਰੀਬ ਸਿੱਖ ਨੇ ਦੂਜੇ ਪਾਸੇ ਦੀ ਰਕਾਬ ਸਾਂਭ ਕੇ ਸਹਾਇਤਾ ਕੀਤੀ ਅਤੇ ਭੋਲੇ ਭਾਅ ਅਰਜ਼ ਕਰ ਦਿਤੀ—ਸੱਚਿਆ ਪਾਤਸ਼ਾਹ! ਇਹੋ ਜਹੀ ਘੋੜੀ ਕੋਈ ਮੈਨੂੰ ਵੀ ਬਖਸ਼ ਦੇ।

ਹੁਣ ਭੋਲੇ ਸਿੱਖ ਨੂੰ ਕੀ ਪਤਾ ਸੀ ਉਹ ਕੀ ਮੰਗ ਰਿਹਾ ਹੈ। ਪਾਤਸ਼ਾਹ ਨੇ ਕੋਈ ਬਚਨ ਨਾ ਕੀਤਾ, ਪਰ ਭੈਣੀ ਸਾਹਿਬ ਪੁੱਜਕੇ ਉਤਰਦਿਆਂ ਹੁਕਮ ਕਰ ਦਿਤਾ ਕਿ ਇਹ ਘੋੜੀ ਕੱਸੀ-ਕਸਾਈ ਲੈ ਜਾ ਕੇ ਪਿੰਡ ਪੂਨੀਆਂ ਦੇ ਫਲਾਣੇ ਸਿੱਖ ਨੂੰ ਦੇ ਆਵੋ; ਕਿਉਂ ਜੋ ਸਿੱਖ ਨੇ ਓਹੋ ਜਿਹੀ ਘੋੜੀ ਦੀ ਅਰਜ਼ ਕੀਤੀ ਸੀ। ਓਹੋ ਜਿਹੀ ਤਾਂ ਬਸ ਉਹੋ ਇਕ ਸੀ ਸੋ ਬਖਸ਼ ਦਿਤੀ ਗਈ।

——

□ ਇਹ ਘਟਨਾ ਲੇਖਕ ਦੀ ਪਤਨੀ ਦੇ ਚਾਚਾ ਜੀ ਸ: ਤਾਰਾ ਸਿੰਘ ਪਿੰਡ ਕੋਟ ਗੰਗੂ ਰਾਏ ਨਾਲ ਘਟੀ ਅਤੇ ਲੇਖਕ ਨੂੰ ਉਹਨਾਂ ਨੇ ਆਪ ਸੁਣਾਈ—

ਮੇਰਾ (ਲੇਖਕ ਦਾ) ਸਹੁਰਾ ਘਰ, ਪਿੰਡ ਕੋਟ ਗੰਗੂ ਰਾਏ, ਪੁਰਾਣਾ ਨਾਮਧਾਰੀ ਸਿੱਖ ਘਰ ਸੀ, ਬਾਅਦ ਵਿਚ ਪਰਿਵਾਰ ਸਿੱਖੀ ਤੋਂ ਦੂਰ ਹੋ ਗਿਆ। ਇਹ ਬਜ਼ੁਰਗ ਤਾਰਾ ਸਿੰਘ ਤਾਂ ਹੁੱਕਾ ਤੰਬਾਕੂ ਵੀ ਸੇਵਨ ਕਰਨ ਡਹਿ ਪਿਆ ਸੀ। ਫੇਰ ਅਚਾਨਕ ਸ: ਤਾਰਾ ਸਿੰਘ ਦੇ ਮਨ ਨੇ ਮੋੜਾ ਕੱਟਣਾ ਚਾਹਿਆ। ਸੋਚਿਆ ਕਿ ਕਦੇ ਉਹਨਾ ਦੇ ਗ੍ਰਿਹ ਵਿਖੇ ਚਰਨ ਵੀ ਪਾਏ ਸਨ, ਹੁਣ ਕੀ ਭਾਣਾ ਵਰਤ ਗਿਆ। ਇਹ ਸੋਚ ਕੇ ਉਸ ਨੇ ਸ੍ਰੀ ਭੈਣੀ ਸਾਹਿਬ ਪੁਜ ਕੇ ਭਜਨ ਪੁਛਿਆ ਅਤੇ ਅੰਮ੍ਰਿਤ ਛਕਿਆ। ਪਰ ਹੋਇਆ ਇੰਝ ਕਿ ਕੁਝ ਹੀ ਦਿਨਾਂ ਮਗਰੋਂ ਹੁੱਕੇ ਵਾਲੀ ਢਾਣੀ ਨੇ ਮੁੜ ਫਾਹ ਲਿਆ। ਚਿਲਮ ਤੰਬਾਕੂ ਚੋਖੀ ਦੇਰ ਚਲਦਾ ਰਿਹਾ। ਫੇਰ ਇਕ ਦਿਨ ਸਵੇਰ ਸਾਰ ਹੀ ਉਹ ਰੌਲਾ ਪਾਂਦਾ ਉਠਿਆ। ਹੁੱਕਾ, ਚਿਲਮਾਂ ਭੰਨ ਕੇ ਦੂਰ ਵਗਾਹ ਮਾਰੀਆਂ, ਸਿਗਰਟਾਂ ਦੀਆਂ ਡੱਬੀਆਂ ਅਤੇ ਤੰਬਾਕੂ ਬਾਹਰ ਸੁਟ ਦਿਤਾ। ਰੌਲਾ ਅਤੇ ਖੜਾਕ ਸੁਣ ਕੇ ਪਰਿਵਾਰ ਵੀ ਜਾਗ ਪਿਆ। ਦੇਖਿਆ ਤਾਂ ਚਾਚਾ ਸਿਰ ਫੜੀ ਬੈਠਾ ਹੌਂਕ ਰਿਹਾ ਸੀ।

"ਚਾਚਾ ਕੀ ਹੋ ਗਿਆ?"

"ਕੁੱਟਿਆ!"

"ਕਿਸ ਨੇ?"

"ਭੈਣੀ ਵਾਲੇ ਗੁਰੂ ਨੇ, ਗੁਰੂ ਪਰਤਾਪ ਸਿੰਘ ਨੇ।"

ਸਾਰਾ ਪਰਿਵਾਰ ਹੈਰਾਨ ਸੀ। "ਪਰ ਭੈਣੀ ਵਾਲਾ ਗੁਰੂ ਤਾਂ ਹੁਣ ਜਗਜੀਤ ਸਿੰਘ ਹੈ" ਸਭ ਨੇ ਕਿਹਾ।

"ਨਹੀਂ ਮੈਨੂੰ ਗੁਰੂ ਪਰਤਾਪ ਸਿੰਘ ਨੇ ਖੂੰਡਿਆਂ ਨਾਲ ਕੁੱਟਿਆ ਹੈ।" ਇਹ ਕਹਿਕੇ ਉਸ ਨੇ ਆਪਣੀ ਕੰਡ ਤੋਂ ਕਮੀਜ਼ ਚੁਕੀ ਤਾਂ ਉਥੇ ਲਾਸ਼ਾਂ ਦੇ ਨੀਲ ਪਏ ਹੋਏ ਸਨ।

ਚਾਚੇ ਨੇ ਅੱਗੇ ਕਿਹਾ, "ਉਸ ਨੇ ਮੈਨੂੰ ਖੂੰਡਿਆਂ ਨਾਲ ਕੁੱਟਿਆ ਨਾਲੇ ਕਿਹਾ—ਕੰਜਰਾ ਅੰਮ੍ਰਿਤ ਛਕੇਂ ਸਾਡਾ ਅਤੇ ਪੀਵੇਂ ਹੁੱਕਾ ਸਿਗਰਟਾਂ? ਕੀ ਸਮਝ ਰਖਿਆ ਹੈ ਸਾਡੇ ਅੰਮ੍ਰਿਤ ਅਤੇ ਭਜਨ ਨੂੰ।"

ਸਾਰਾ ਪਿੰਡ ਹੀ ਹੈਰਾਨ ਸੀ। ਫੇਰ ਸੁਰਗਵਾਸ ਹੋਣ ਤਕ ਤਾਰਾ ਸਿੰਘ ਨੇ ਤੰਬਾਕੂ ਨਹੀਂ ਵਰਤਿਆ ਅਤੇ ਨੇਮ ਨਾਲ ਨਿਤਾ ਪ੍ਰਤੀ ਸਿਮਰਨ ਕੀਤਾ ਸੀ।



Sri Satguru Jagjit Singh Ji eLibrary NamdhariElibrary@gmail.com

# ਵਾਤਾਵਰਣ ਦੀ ਨਿਰਮਲਤਾ ਤੇ ਮਨੁਖੀ ਸਿਹਤ

—ਜਗਰੂਪ ਸਿੰਘ—

ਮਨੁਖ ਦੀ ਸਿਹਤ ਅਤੇ ਵਾਤਾਵਰਣ ਦਾ ਆਪਸ ਵਿਚ ਆਦਿ ਕਾਲ ਤੋਂ ਹੀ ਬਹੁਤ ਡੂੰਘਾ ਸੰਬੰਧ ਰਿਹੈ ਹੈ। ਕੁਦਰਤ ਅਤੇ ਮਨੁੱਖ ਇਸ ਸੰਬੰਧ ਰਾਹੀਂ ਪਰਸਪਰ ਤੌਰ ਤੇ ਜੁੜੇ ਹੋਏ ਹਨ। ਮਨੁੱਖ ਦੀ ਸਿਹਤ ਅਤੇ ਹੋਂਦ ਕੁਦਰਤ ਨਾਲ ਉਸ ਦੇ ਰਿਸ਼ਤੇ ਉਤੇ ਹੀ ਨਿਰਭਰ ਕਰਦੀ ਹੈ। ਵਾਤਾਵਰਣ ਨਾਲ ਮਨੁੱਖ ਦਾ ਰਿਸ਼ਤਾ ਵਧੇਰੇ ਨਿਰਭਰਤਾ ਵਾਲਾ ਹੈ। ਜਦ ਵੀ ਮਨੁੱਖ ਆਪਣੀ ਨਿਰਭਰਤਾ ਨੂੰ ਅੱਖੋਂ ਉਹਲੇ ਕਰਕੇ ਇਸ ਰਿਸ਼ਤੇ ਵਿਚ ਵਿਗਾੜ ਪੈਦਾ ਕਰ ਬਹਿੰਦਾ ਹੈ ਤਾਂ ਉਸ ਵੇਲੇ ਬਹੁਤ ਸਾਰੀਆਂ ਮੁਸ਼ਕਲਾਂ ਖੜੀਆਂ ਹੋ ਜਾਂਦੀਆਂ ਹਨ। ਜੇ ਇਹਨਾਂ ਬਾਰੇ ਵੇਲੇ ਸਿਰ ਸੁਚੇਤ ਨਾ ਹੋਇਆ ਜਾਵੇ ਤਾਂ ਮਨੁੱਖ ਦੀ ਮਾਨਸਿਕ ਸਰੀਰਕ ਅਤੇ ਸਮਾਜਿਕ ਸਿਹਤ ਲਈ ਬੜੇ ਵੱਡੇ ਖਤਰੇ ਪੈਦਾ ਹੋ ਜਾਂਦੇ ਹਨ। ਅੱਜ ਅਸੀਂ ਕੁਦਰਤ ਉੱਤੇ ਕਾਠੀ ਪਾਉਣ ਦੇ ਆਹਰ ਵਿਚ ਹਾਂ ਅਤੇ ਵਾਤਾਵਰਣ ਦੇ ਸੰਤੁਲਨ ਦੀ ਪਰਵਾਹ ਕੀਤੇ ਬਿਨਾਂ ਇਸ ਅੰਨ੍ਹੀ ਦੌੜ ਵਿਚ ਰੁਝੇ ਹੋਏ ਹਾਂ। ਵੱਡੇ-ਵੱਡੇ ਕਾਰਖਾਨੇ ਲਾ ਰਹੇ ਹਾਂ ਬਹੁਤ ਤੇਜ਼ੀ ਨਾਲ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਦੇ ਹੋਏ ਤਰੱਕੀ ਵੱਲ ਵੱਧ ਰਹੇ ਹਾਂ। ਹਰ ਰੋਜ਼ ਨਵੀਂ ਤੋਂ ਨਵੀਂ ਵਸਤੂ ਅਖੌਤੀ ਤਰੱਕੀ ਦਾ ਸੁਨੇਹਾ ਲੈ ਕੇ ਬਜ਼ਾਰਾਂ ਵਿਚ ਆ ਰਹੀ ਹੈ। ਤਕਨੀਕ ਦੇ ਖੇਤਰ ਵਿਚ ਬੇਤਹਾਸ਼ਾ ਪ੍ਰਾਪਤੀਆਂ ਕਰ ਰਹੇ ਹਾਂ ਪਰ ਅਸੀਂ ਇਨ੍ਹਾਂ ਪ੍ਰਾਪਤੀਆਂ ਦੀ ਦੌੜ ਵਿਚ ਕੁਦਰਤ ਅਤੇ ਵਾਤਾਵਰਣ ਬਾਰੇ ਉੱਕਾ ਹੀ ਚੇਤੰਨ ਨਹੀਂ ਹਾਂ। ਅਸੀਂ ਨਹੀਂ ਜਾਣਦੇ ਕਿ ਜੀਵਨ ਦਾਨ ਦੇਣ ਵਾਲੇ ਕੁਦਰਤੀ ਤੱਤਾਂ ਨੂੰ ਅਸੀਂ ਲਗਾਤਾਰ ਗੰਧਲਾ ਕਰ ਰਹੇ ਹਾਂ। ਅਸੀਂ ਹਰ ਪੱਖ ਤੋਂ ਅੱਗੇ ਵੱਧ ਰਹੇ ਹਾ, ਪਰ ਆਪਣੇ ਨਿੱਜੀ ਅਤੇ ਸਮੂਹਕ ਜੀਵਨ ਨਾਲ ਸੰਬੰਧਤ ਗੰਦ ਨੂੰ ਲਗਾਤਾਰ ਵਾਤਾਵਰਣ ਵਿਚ ਘੋਲ ਰਹੇ ਹਾਂ। ਸਾਡੀ ਦਸ਼ਾ ਅੱਗਾ ਦੌੜ ਪਿੱਛਾ ਚੌੜ ਵਾਲੀ ਬਣ ਗਈ ਹੈ।

ਧਰਤੀ ਹੀ ਇੱਕੋ ਇੱਕ ਅਜਿਹਾ ਗ੍ਰਹਿ ਹੈ ਜਿਥੇ ਜੀਵਨ ਸੰਭਵ ਹੈ। ਇਹ ਸੰਭਾਵਨਾ ਮੁੱਖ ਤੌਰ 'ਤੇ ਹਵਾ ਅਤੇ ਪਾਣੀ ਤੇ ਨਿਰਭਰ ਹੈ। ਪਰ ਕੀ ਅਸੀਂ ਜਾਣਦੇ ਹਾਂ ਕਿ ਕਾਰਖਾਨੇ, ਵਾਹਨ ਕੀੜੇ ਮਾਰ ਦਵਾਈਆਂ ਅਤੇ ਜ਼ਹਿਰੀਲੀਆਂ ਗੈਸਾਂ ਸਾਡੀ ਜੀਵਨ ਦਾਤੀ ਹਵਾ ਨੂੰ ਲਗਾਤਾਰ ਮਲੀਨ ਕਰ ਰਹੀਆਂ ਹਨ। ਸਾਫ ਹਵਾ ਤੋਂ ਬਿਨਾ ਤੰਦਰੁਸਤ ਜੀਵਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਸ਼ੁਧ ਹਵਾ ਉਹ ਹੈ ਜੋ ਧੂੜ, ਧੂੰਏਂ, ਮੁਸ਼ਕ ਤੋਂ ਮੁਕਤ ਹੋਵੇ ਅਤੇ ਜਿਸ ਵਿਚ ਮਨੁੱਖੀ ਸਰੀਰ ਨਾਲ ਸਬੰਧਤ ਮਲ ਮੂਤਰ ਦਾ ਅਸਰ ਨਾ ਹੋਵੇ। ਹਵਾ ਵਿਚਲੀਆਂ ਅਸ਼ੁੱਧੀਆਂ ਉਹ ਮੰਨੀਆਂ ਜਾਂਦੀਆਂ ਹਨ ਜੋ ਹਵਾ ਨੂੰ ਗਰਮ, ਸਿੱਲ੍ਹੀ ਅਤੇ ਹਾਨੀਕਾਰਕ ਬਣਾ ਦਿੰਦੀਆਂ ਹਨ। ਹਵਾ ਨੂੰ ਗੰਧਲਾ ਕਰਨ ਵਾਲੇ ਕੁਝ ਪ੍ਰਮੁੱਖ ਕਾਰਨ ਹੇਠ ਲਿਖੇ ਹਨ।

(ੳ) ਮਨੁੱਖਾਂ ਅਤੇ ਪਸ਼ੂਆਂ ਦੇ ਸਾਹ ਲੈਣ ਦੀ ਪ੍ਰਕਿਰਿਆ।

(ਅ) ਵੱਡੇ ਸ਼ਹਿਰਾਂ ਵਿਚ ਚੱਲਦੇ ਵਾਹਨਾ ਦਾ ਧੂੰਆਂ, ਅਪੂਰਨ ਬਲਣ ਕਿਰਿਆ ਕਾਰਨ ਪੈਦਾ ਹੋਈ ਕਾਰਬਨ ਮੋਨੋਆਕਸਾਈਡ, ਕਾਰਬਨ ਡਾਇਆਕਸਾਈਡ ਅਤੇ ਗੈਸੋਲੀਨ ਆਕਸਾਈਡ ਆਦਿ।

ੲ) ਸਨਅਤੀ ਕੇਂਦਰਾਂ ਵਿਚੋਂ ਪੈਦਾ ਹੋਣ ਵਾਲਾ ਧੂੰਆਂ।

(ਸ) ਪੇਂਟ ਅਤੇ ਵਾਰਨਿਸ਼ ਬਨਾਉਣ ਵਾਲੇ ਕਾਰਖਾ-ਨਿਆਂ ਦੇ ਜ਼ਹਿਰੀਲੇ ਮਾਦੇ।

(ਹ) ਕੋਇਲਾ, ਮਿੱਟੀ ਦਾ ਤੇਲ, ਲੱਕੜੀ ਅਤੇ ਪਾਥੀਆਂ ਦੇ ਬਲਣ ਕਾਰਣ।

(ਕ) ਗਲੀਆਂ ਸੜੀਆਂ ਸਬਜ਼ੀਆਂ ਵਿਚੋਂ ਪੈਦਾ ਹੁੰਦੇ ਜ਼ਹਿਰੀਲੇ ਮਾਦੇ।

(ਖ) ਧੂੜ ਮਿੱਟੀ ਅਤੇ ਸੁਆਹ ਫੈਲਾਉ।

(ਗ) ਫਸਲਾਂ ਲਈ ਕੀੜੇ ਮਾਰ ਦਵਾਈਆਂ ਦੇ ਛਿੜਕਾਉ।

ਪਲੀਤ ਹਵਾ ਵਿਚ ਸਾਹ ਲੈਣ ਵਾਲੇ ਮਨੁੱਖ ਲਈ ਸਰੀਰਕ ਤੇ ਦਿਮਾਗੀ ਤੰਦਰੁਸਤੀ ਦੇ ਪੱਖ ਤੋਂ ਬੜੇ ਭਾਰੀ ਖਤਰੇ ਹਨ। ਇਸ ਦੇ ਨਤੀਜੇ ਦੇ ਤੌਰ 'ਤੇ ਸਾਹ ਪ੍ਰਣਾਲੀ ਮਾਰੂ ਰੋਗਾਂ ਤੋਂ ਪ੍ਰਭਾਵਤ ਹੋ ਜਾਂਦੀ ਹੈ। ਫੇਫੜਿਆਂ ਦੇ ਰੋਗ ਹੋ ਸਕਦੇ ਹਨ ਜਿਵੇਂ ਕੈਂਸਰ, ਦਮਾ, ਖਾਂਸੀ ਆਦਿ।

(੧) ਮਰਨ ਦਰ ਵਿੱਚ ਵਾਧਾ ਹੋ ਜਾਂਦਾ ਹੈ।

(੨) ਵਾਤਾਵਰਣ ਵਿਚ ਵੇਖ ਸਕਣ ਦੀ ਸਮਰੱਥਾ ਘੱਟ ਜਾਂਦੀ ਹੈ ਅਤੇ ਅੱਖਾਂ ਦੇ ਰੋਗ ਲੱਗ ਜਾਂਦੇ ਹਨ।

(੩) ਜਾਨਵਰਾਂ ਅਤੇ ਪੌਦਿਆਂ ਦੇ ਜੀਵਨ ਉੱਤੇ ਭੈੜਾ ਅਸਰ ਪੈਂਦਾ ਹੈ।

(੪) ਮਨੁੱਖ ਨੂੰ ਆਮ ਤੌਰ 'ਤੇ ਸਿਰ ਦਰਦ ਭਾਰੀਪਣ, ਉਦਾਸੀ, ਭੁੱਖ ਘਟਣਾ, ਖ਼ੂਨ ਦੀ ਕਮੀ ਵੀ ਹੋ ਸਕਦੀ ਹੈ।

ਹਵਾ ਕੁਦਰਤੀ ਤੌਰ 'ਤੇ ਆਪਣੇ ਆਪ ਨੂੰ ਸਾਫ ਰੱਖਣ ਦਾ ਰੁਝਾਨ ਰੱਖਦੀ ਹੈ। ਕੁਦਰਤੀ ਚੱਕਰ ਜੀਵਨ ਗਤੀ ਲਈ



Sri Satguru Jagjit Singh Ji eLibrary NamdhariElibrary@gmail.com

ਆਪਣੇ ਆਪ ਵਿਚ ਨਿਸਚਤ ਹੈ। ਪਰ ਜਦ ਵੀ ਗੈਰ ਕੁਦਰਤੀ ਦਖਲ ਵੱਧ ਜਾਂਦਾ ਹੈ ਤਾਂ ਕੁਦਰਤੀ ਸਾਧਨ ਅਸਫਲ ਹੋ ਜਾਂਦੇ ਹਨ ਅਤੇ ਹਵਾ ਅਸ਼ੁੱਧ ਹੋ ਜਾਂਦੀ ਹੈ।

ਹਵਾ ਦੇ ਗੰਦੇ ਹੋਣ ਦੀ ਸਮੱਸਿਆ ਬਾਰੇ ਗੰਭੀਰਤਾ ਨਾਲ ਉਸ ਸਮੇਂ ਸੋਚਿਆ ਗਿਆ ਜਦ ੧੯੪੮ ਵਿਚ ਲਾਸ ਏਂਜਲਸ ਅਤੇ ੧੯੫੨ ਵਿਚ ਲੰਡਨ ਵਿਚ ਇਹ ਮਹਾਂਮਾਰੀ ਦੇ ਰੂਪ ਵਿਚ ਪ੍ਰਗਟ ਹੋਈ। ਅਣਗਿਣਤ ਲੋਕ ਬੀਮਾਰ ਪੈ ਗਏ ਅਤੇ ਕੁਝ ਘੰਟਿਆਂ ਵਿਚ ਹਜ਼ਾਰਾਂ ਵਿਅਕਤੀ ਮਰ ਗਏ। ਭੁਪਾਲ ਗੈਸ ਕਾਂਡ ਦੀ ਭਿਅੰਕਰ ਘਟਨਾ ਸਾਡੇ ਆਪਣੇ ਦੇਸ ਵਿਚ ਹੀ ਵਾਪਰੀ ਹੈ।

ਅੰਨ੍ਹੇਵਾਹ ਜੰਗਲਾਂ ਦੀ ਕਟਾਈ ਕਾਰਨ ਵਾਤਾਵਰਣ ਦੀ ਵਿਸ਼ਾਲਤਾ ਸਾਡੇ ਲਈ ਸੁੰਗੜ ਰਹੀ ਹੈ। ਇਹ ਹਵਾ ਸਾਡੇ ਲਈ ਮਲੀਨ ਹੋ ਕੇ ਰਹਿਮਤ ਦੀ ਥਾਂ ਜ਼ਹਿਮਤ ਬਣ ਰਹੀ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਵਾਤਾਵਰਣ ਨੂੰ ਮਲੀਨ ਕਰਨ ਵਾਲੀਆਂ ੧੭੦੦ ਵੱਡੀਆਂ ਸਨਅਤਾਂ ਵਿਚੋਂ ਕੇਵਲ ੩੫੭ ਨੇ ਇਸ ਮਲੀਨਤਾ ਨੂੰ ਘੱਟ ਕਰਨ ਵਾਲੇ ਜੰਤਰਾਂ ਨੂੰ ਅਪਣਾਇਆ ਹੈ। ਬੰਬਈ ਵਰਗੇ ਮਹਾਂਨਗਰ ਵਿਚ ਕੇਵਲ ੭ ਪ੍ਰਤੀਸ਼ਤ ਸਨਅਤਾਂ ਅਜਿਹੀਆਂ ਹਨ ਜਿਨ੍ਹਾਂ ਵਿਚ ਵਾਤਾਵਰਣ ਦੀ ਮਲੀਨਤਾ ਨੂੰ ਘਟਾਉਣ ਵਾਲੇ ਯੰਤਰ ਹਨ। ਥਰਮਲ ਪਲਾਂਟਾਂ ਕਾਰਣ ਉਹਨਾਂ ਸ਼ਹਿਰਾਂ ਦੇ ਵਾਤਾਵਰਣ ਦੀ ਸਮੱਸਿਆ ਵੀ ਬਹੁਤ ਗੰਭੀਰ ਹੈ, ਜਿਥੇ ਇਹ ਸਥਿਤ ਹਨ। ਦੇਸ ਦੇ ੪੮ ਥਰਮਲ ਪਲਾਂਟਾਂ ਵਿਚੋਂ ੩੨ ਵਿਚ ਚਿਮਨੀਆਂ ਵਿਚੋਂ ਡਿਗਣ ਵਾਲੀ ਸੁਆਹ ਨੂੰ ਰੋਕਣ ਲਈ ਜੰਤਰ ਨਹੀਂ ਹਨ। ਜਿਥੇ ਇਹ ਜੰਤਰ ਲਗਾਏ ਗਏ ਹਨ ਉਨ੍ਹਾਂ ਵਿਚੋਂ ਸਿਰਫ ੬ ਹੀ ਤਸੱਲੀਬਖਸ਼ ਕੰਮ ਕਰ ਰਹੇ ਹਨ। ਤੇਲ ਨਾਲ ਚੱਲਣ ਵਾਲੇ ਵਾਹਣਾਂ ਕਾਰਣ ਹਵਾ ਬਹੁਤ ਵੱਡੀ ਮਾਤਰਾ ਵਿਚ ਪਲੀਤ ਹੋ ਰਹੀ ਹੈ। ਇਨ੍ਹਾਂ ਦੇ ਚੱਲਣ ਨਾਲ ਹਵਾ ਵਿਚ ਕਾਰਬਨ ਡਾਇਆਕਸਾਈਡ ਅਤੇ ਕਾਰਬਨ ਮੋਨੋ-ਆਕਸਾਈਡ ਦੀ ਮਾਤਰਾ ਲਗਾਤਾਰ ਵੱਧ ਰਹੀ ਹੈ। ਇਕੱਲੇ ਦਿੱਲੀ ਸ਼ਹਿਰ ਵਿੱਚ ੧੦ ਲੱਖ ਤੋਂ ਉੱਪਰ ਵਾਹਣ ਚੱਲ ਰਹੇ ਹਨ ਅਤੇ ਇਸ ਸ਼ਹਿਰ ਵਿੱਚ ੧੭੫ ਟਨ ਕਾਰਬਨ ਮੋਨੋ-ਆਕਸਾਈਡ ੨੪੦ ਟਨ ਧੂੰਏ, ਮਿੱਟੀ ਦੇ ਕਣ, ੭੦ ਟਨ ਹਾਈਡਰੋਕਾਰਬਨ ਅਤੇ ੮ ਟਨ ਨਾਈਟਰੋਜਨ ਦੇ ਆਕਸਾਈਡ ਪੈਦਾ ਹੁੰਦੇ ਹਨ। ਦੋ ਪਹੀਆਂ ਵਾਹਣਾਂ ਵਿਚੋਂ ਕੇਵਲ ੩੮ ਪ੍ਰਤੀਸ਼ਤ ਅਤੇ ਤਿੰਨ ਪਹੀਆਂ ਵਿਚੋਂ ੫੩ ਪ੍ਰਤੀਸ਼ਤ ਵਿਚ ਮਲੀਨਤਾ ਰੋਕੂ ਪ੍ਰਬੰਧ ਹਨ। ਸ਼ਹਿਰ ਦੀਆਂ ੫੫ ਪ੍ਰਤੀਸ਼ਤ ਬੱਸਾਂ ਅਤੇ ਅੰਤਰਰਾਜੀ ਬੱਸਾਂ ਵਿਚ ੬੪ ਪ੍ਰਤੀਸ਼ਤ ਵਿਚ ਪਲੀਤੀ ਸੰਬੰਧੀ ਸੀਮਾ ਦੀ ਉਲੰਘਣਾ ਕੀਤੀ ਗਈ ਹੈ। ਮਿੰਨੀ ਬੱਸਾਂ ਅਤੇ ਟਰੱਕਾਂ ਵਿਚੋਂ ੯੦ ਪ੍ਰਤੀਸ਼ਤ ਵਿਚ ਇਸ ਸੰਬੰਧੀ ਕਿਸੇ ਨੇਮ ਦੀ ਪਾਲਣਾ ਨਹੀਂ ਕੀਤੀ ਜਾਂਦੀ।

ਇਹ ਤੱਥ ਹਵਾ ਨੂੰ ਮਲੀਨ ਕਰਨ ਦੀ ਸਾਡੀ ਪੁੱਠੇ ਪੈਰੀਂ ਚੱਲਣ ਦੀ ਬਿਰਤੀ ਦੀ ਉਦਾਹਰਣ ਮਾਤਰ ਹਨ।

ਹਵਾ ਦੀ ਮਲੀਨਤਾ ਦੀ ਸਮੱਸਿਆ ਨੂੰ ਹੱਲ ਕਰਨ ਲਈ ਜ਼ਰੂਰੀ ਹੈ ਕਿ ਵੇਲੇ ਸਿਰ ਸਾਰਥਕ ਕਦਮ ਉਠਾਏ ਜਾਣ। WHO ਸੰਸਾਰ ਸਿਹਤ ਜਥੇਬੰਦੀ ਨੇ ਹਵਾ ਦੇ ਗੰਦੇ ਹੋਣ ਨੂੰ ਰੋਕਣ ਲਈ ਹੇਠ ਲਿਖੇ ਉਪਰਾਲੇ ਕਰਨ ਦੇ ਸੁਝਾਅ ਦਿੱਤੇ ਹਨ :—

ਹਵਾ ਵਿਚ ਜ਼ਹਿਰੀਲੇ ਮਾਦਿਆਂ ਨੂੰ ਛੱਡਣ 'ਤੇ ਰੋਕ ਲਾਈ ਜਾਵੇ। ਹਵਾ ਨੂੰ ਸਾਫ-ਸੁਥਰੇ ਰੱਖਣ ਲਈ ਨਵੇਂ ਤਰੀਕੇ ਈਜਾਦ ਕੀਤੇ ਜਾਣੇ ਚਾਹੀਦੇ ਹਨ।

ਤਕਨੀਕੀ ਵਿਦਿਆ ਵਿਚ ਤਬਦੀਲੀ ਲਿਆਂਦੀ ਜਾਵੇ। ਮਿਸਾਲ ਦੇ ਤੌਰ ਤੇ ਕੋਇਲੇ ਦੀ ਥਾਂ ਤੇ ਬਿਜਲੀ ਦੀ ਵਰਤੋਂ ਕੀਤੀ ਜਾਵੇ।

ਹਰੇ ਖਿੱਤੇ ਕਾਇਮ ਕੀਤੇ ਜਾਣ। ਦਰਖਤਾਂ ਦੀ ਕਟਾਈ ਘਟਾਕੇ ਦਰਖਤ ਵਧੇਰੇ ਲੁਆਏ ਜਾਣੇ ਚਾਹੀਦੇ ਹਨ।

ਵਾਤਾਵਰਣ ਦੀ ਗੰਦਗੀ ਨੂੰ ਰੋਕਣ ਲਈ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ।

ਸੰਸਾਰ ਪੱਧਰ 'ਤੇ ਵਾਤਾਵਰਣ ਦੀ ਗੰਦਗੀ ਸੰਬੰਧੀ ਚੇਤਨਾ ਦੀ ਲਹਿਰ ਪੈਦਾ ਕੀਤੀ ਜਾਵੇ। ਇਸ ਦੇ ਅੰਤਰਗਤ ਲੰਡਨ, ਵਾਸ਼ਿੰਗਟਨ, ਨਾਗਪੁਰ, ਟੋਕੀਓ ਅਤੇ ੨੦ ਹੋਰ ਪ੍ਰਯੋਗਸ਼ਾਲਾਵਾਂ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਸਥਾਪਤ ਕੀਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਪ੍ਰਦੂਸ਼ਨ ਬਾਰੇ ਖੋਜ ਕੀਤੀ ਜਾ ਰਹੀ ਹੈ।

ਪਰ ਉਪਰੋਕਤ ਹੀਲੇ ਹੀ ਸ਼ਾਇਦ ਕਾਫੀ ਨਹੀਂ ਹਨ। ਜਿੰਨਾ ਚਿਰ ਹਵਾ ਦੇ ਗੰਦੇ ਹੋਣ ਤੋਂ ਪੈਦਾ ਹੋਣ ਵਾਲੇ ਕਹਿਰ ਬਾਰੇ ਹਰ ਮਨੁੱਖ ਸੁਚੇਤ ਨਹੀਂ ਹੁੰਦਾ, ਓਨਾ ਚਿਰ ਇਸ ਮਸਲੇ ਦੀ ਗੰਭੀਰਤਾ ਦੀ ਤਲਵਾਰ ਮਨੁੱਖ ਦੇ ਸਿਰ ਉਤੇ ਲਟਕਦੀ ਰਹੇਗੀ। ਜੇ ਮਨੁੱਖ ਚਾਹੁੰਦਾ ਹੈ ਕਿ ਉਸਦੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਆਉਣ ਵਾਲੀਆਂ ਨਸਲਾਂ ਸਾਫ-ਸੁਥਰੀ ਹਵਾ ਵਿਚ ਸਾਹ ਲੈ ਸਕਣ ਅਤੇ ਤੰਦਰੁਸਤ ਹੋਣ ਤਾਂ ਨਿਸ਼ਚਿਤ ਹੈ ਕਿ ਸਾਨੂੰ ਅੱਗੇ ਵੱਲ ਹੀ ਨਹੀਂ ਪਿੱਛੇ ਵੱਲ ਵੀ ਵੇਖਣਾ ਪਵੇਗਾ।

ਪਾਣੀ ਕੁਦਰਤ ਦੀ ਦੂਜੀ ਵੱਡੀ ਦਾਤ ਹੈ। ਧਰਤੀ ਉਤੇ ਪ੍ਰਾਪਤ ਸਭ ਪਦਾਰਥਾਂ ਨੂੰ ਪਾਣੀ ਦਾ ਬਦਲ ਨਹੀਂ ਬਣਾਇਆ ਜਾ ਸਕਦਾ। ਮਨੁੱਖ ਦੀ ਸਿਹਤ ਲਈ ਪਾਣੀ


Sri Satguru Jagjit Singh Ji eLibrary NamdhariElibrary@gmail.com

ਹਵਾ ਤੋਂ ਬਾਅਦ ਜ਼ਰੂਰੀ ਹੈ। ਜਿਹੜੇ ਦਰਿਆ ਆਪਣੇ ਮੂਲ ਸੋਮਿਆਂ ਤੋਂ ਪਵਿੱਤਰ ਜਲ ਲੈ ਕੇ ਮਨੁੱਖ ਦੀਆਂ ਤਮਾਮ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਆਪ ਉਸ ਵੱਲ ਤੁਰਦੇ ਹਨ, ਮਨੁੱਖ ਨੇ ਉਨ੍ਹਾਂ ਦਰਿਆਵਾਂ ਨੂੰ ਮਲੀਨ ਕਰ ਦਿਤਾ ਹੈ। ਅੱਜ ਗੰਗਾ ਜਲ ਅਸਲ ਵਿਚ ਗੰਦਾ ਜਲ ਬਣ ਕੇ ਰਹਿ ਗਿਆ ਹੈ। ਜਮਨਾ, ਕਾਵੇਰੀ ਸਭ ਅੱਜ ਪ੍ਰਦੂਸ਼ਨ ਕਰਕੇ ਭ੍ਰਿਸ਼ਟ ਹੋ ਚੁਕੇ ਹਨ। ਗੰਗਾ ਦੇ ਹਰ ਇਕ ਕਿਲੋਮੀਟਰ 'ਤੇ ਵਸੇ ਹੋਏ ਲੋਕ ਆਪਣਾ ਸਾਰਾ ਗੰਦ ਇਸ ਵਿਚ ਰੋੜ੍ਹਦੇ ਹਨ। ਪੰਜਾਬ ਵਿਚ ਜਿਹੜਾ ਕਦੀ ਬੁੱਢਾ ਦਰਿਆ ਹੁੰਦਾ ਸੀ ਪਹਿਲਾਂ ਬੁੱਢਾ ਨਾਲਾ ਤੇ ਅਸਲ ਵਿਚ ਗੰਦਾ ਨਾਲਾ ਬਣਕੇ ਰਹਿ ਗਿਆ ਹੈ। ਸਾਰੇ ਲੁਧਿਆਣੇ ਸ਼ਹਿਰ ਦਾ ਅਤੇ ਮਿੱਲਾਂ ਅਤੇ ਗੱਤੇ ਦੀਆਂ ਮਿੱਲਾਂ ਦਾ ਗੰਦਾ ਪਾਣੀ ਅਤੇ ਸਾਰੇ ਸ਼ਹਿਰ ਦਾ ਮਲ-ਮੂਤਰ ਇਸ ਵਿਚ ਪਾ ਦਿਤਾ ਜਾਂਦਾ ਹੈ। ਦੁਖਾਂਤ ਇਹ ਹੈ ਕਿ ਇਹ ਪਾਣੀ ਰੇਤ ਰਾਹੀਂ ਧਰਤੀ ਹੇਠਲੇ ਪਾਣੀ ਵਿਚ ਜਾ ਮਿਲਦਾ ਹੈ ਅਤੇ ਨਲਕਿਆਂ ਰਾਹੀਂ ਫੇਰ ਪੀਣ ਲਈ ਮਨੁੱਖ ਕੋਲ ਆ ਜਾਂਦਾ ਹੈ।

ਅਸੀਂ ਜਾਣਦੇ ਹਾਂ ਕਿ ਜੀਵਨ ਦਾ ਆਰੰਭ ਪਾਣੀ ਤੋਂ ਹੋਇਆ ਹੈ, ਕੀ ਅਸੀਂ ਇਸ ਜੀਵਨ ਨੂੰ ਰੋਗੀ ਬਨਾਉਣ ਲਈ ਇਸ ਅੰਮ੍ਰਿਤ ਨੂੰ ਸਾਧਨ ਬਨਾਉਣਾ ਚਾਹੁੰਦੇ ਹਾਂ? ਗੰਦਾ ਪਾਣੀ ਕੇਵਲ ਪੀਣ ਨਾਲ ਹੀ ਮਨੁੱਖ ਨੂੰ ਰੋਗੀ ਨਹੀਂ ਬਣਾਉਂਦਾ ਬਲਕਿ ਇਸ ਵਿਚ ਪਕਾਇਆ ਗਿਆ ਭੋਜਨ, ਇਸ ਵਿਚ ਧੋਤੇ ਗਏ ਫ਼ਲ ਅਤੇ ਇਸ ਵਿਚ ਨਹਾਉਣ ਨਾਲ ਵੀ ਮਨੁੱਖ ਰੋਗ ਦਾ ਸ਼ਿਕਾਰ ਹੋ ਸਕਦਾ ਹੈ। ਜੇਕਰ ਗੰਦੇ ਪਾਣੀ ਦਾ ਨਿਕਾਸ ਠੀਕ ਨਾ ਹੋਵੇ ਤਾਂ ਇਸ ਵਿਚ ਬਹੁਤ ਸਾਰੇ ਬੈਕਟੀਰੀਆ, ਵਾਇਰਸ ਅਤੇ ਮੱਛਰ ਪੈਦਾ ਹੋ ਜਾਣਗੇ; ਜੋ ਬਹੁਤ ਸਾਰੀਆਂ ਬੀਮਾਰੀਆਂ ਫੈਲਾਅ ਸਕਦੇ ਹਨ ਜਿਵੇਂ— ਮਲੇਰੀਆ, ਟਾਈਫਾਈਡ, ਬੇਸੀਲੇਰੀ ਡਾਈਸੈਨਟਰੀ, ਤਪਦਿਕ, ਹੈਜ਼ਾ ਅਤੇ ਵਾਇਰਲ ਹੈਪੇਟਾਈਟਸ, ਗੈਸਟਰੋ-ਐਨਟਾਰਾਈਟਸ, ਟੱਟੀਆਂ-ਉਲਟੀਆਂ, ਸਾਹ ਦੇ ਰੋਗ, ਅਧਰੰਗ, ਮੈਨਜਾਈਨਸ ਅਤੇ ਹੋਰ ਮਾਰੂ ਰੋਗ ਹੋ ਸਕਦੇ ਹਨ।

ਦਰਿਆ ਜੋ ਮਨੁੱਖ ਲਈ ਕਦੇ ਵਰਦਾਨ ਸਮਝੇ ਜਾਂਦੇ ਸਨ ਅੱਜ ਮਨੁੱਖ ਨੇ ਉਨ੍ਹਾਂ ਨੂੰ ਸਰਾਪ ਬਣਾ ਲਿਆ ਹੈ। ਪੁਰਾਣੇ ਬਜ਼ੁਰਗ ਇਸ਼ਨਾਨ ਕਰਨ ਲੱਗਿਆਂ ਕਹਿੰਦੇ ਸਨ: "ਜਲ ਮਿਲਿਆ ਪਰਮੇਸ਼ਰ ਮਿਲਿਆ"। ਪਰ ਅਸੀਂ ਜਲ ਰੂਪੀ ਪਰਮੇਸ਼ਰ ਨੂੰ ਬੜੀ ਤੇਜ਼ੀ ਨਾਲ ਇਕ ਦੈਂਤ ਦੇ ਰੂਪ ਵਿਚ ਬਦਲ ਰਹੇ ਹਾਂ ਜੋ ਮਨੁੱਖੀ ਜੀਵਨ ਨੂੰ ਬੀਮਾਰ ਅਤੇ ਤਰਸਯੋਗ ਬਣਾ ਦੇਵੇਗਾ। ਮਨੁੱਖ ਲਈ ਘਾਤਕ ਜੀਵਾਂ ਦੀਆਂ ਫੌਜਾਂ ਵਿਚ ਇੰਨਾ ਵਾਧਾ ਕਰ ਦੇਵੇਗਾ ਕਿ ਮਨੁੱਖ ਦੇ ਸਵੈ-ਰਖਿਆ ਦੇ ਸਾਰੇ ਕਿਲੇ ਢਹਿਢੇਰੀ ਹੋ ਜਾਣਗੇ।

ਮਨੁੱਖ ਹਵਾ ਅਤੇ ਪਾਣੀ ਦੇ ਵਿਸ਼ਾਲ ਕੁਦਰਤੀ ਪਸਾਰੇ ਨੂੰ ਗੰਦਾ ਕਰਕੇ ਮਨੁੱਖੀ ਜੀਵਨ ਲਈ ਬੇਹੱਦ ਜ਼ਰੂਰੀ ਦਾਤਾਂ ਰੋਸ਼ਨੀ, ਮਿੱਟੀ ਅਤੇ ਵਾਤਾਵਰਣ ਵਿਚਲੀਆਂ ਸੁਰ ਲਹਿਰਾਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਇਸ ਵੇਲੇ ਘਟੀਆ ਮਸ਼ੀਨਾਂ ਵਾਲੇ ਕਾਰਖਾਨੇ, ਸੜਕਾਂ ਉਤੇ ਦੌੜਦੇ ਵਾਹਨ ਦੇ ਵਡੇ ਅਤੇ ਉਚੀ ਅਵਾਜ਼ ਵਿਚ ਵੱਜਣ ਵਾਲੇ ਹਾਰਨ ਅਤੇ ਮਨੁੱਖ ਦੁਆਰਾ ਛੋਟੇ ਤੋਂ ਛੋਟੇ ਸਮਾਗਮ ਵਿਚ ਵਰਤੋਂ ਵਿਚ ਲਿਆਂਦੇ ਜਾਂਦੇ ਵੱਡੇ ਵੱਡੇ ਸਪੀਕਰ ਕੁਦਰਤੀ ਵਾਤਾਵਰਣ ਨੂੰ ਤਬਾਹ ਕਰ ਰਹੇ ਹਨ। ਬੇਸ਼ਕ ਅਜੋਕਾ ਜੀਵਨ ਇਹਨਾਂ ਤੋਂ ਬਿਨਾਂ ਅਸੰਭਵ ਹੋ ਚੁਕਾ ਹੈ, ਪਰ ਵਿਗਿਆਨਕ ਤਕਨੀਕਾਂ ਨਾਲ ਇਸ ਸ਼ੋਰ ਨੂੰ ਘਟਾਇਆ ਜਾ ਸਕਦਾ ਹੈ। ਯੂਰਪ ਦੇ ਸਾਰੇ ਮੁਲਕਾਂ ਵਾਂਗ ਹੀ ਅਸੀਂ ਹਾਰਨ ਵਜਾਉਣ ਅਤੇ ਉਚੀ ਆਵਾਜ਼ ਵਿਚ ਸਪੀਕਰ ਚਲਾਉਣ ਉਤੇ ਕਾਨੂੰਨੀ ਪਾਬੰਦੀ ਲਗਾ ਸਕਦੇ ਹਾਂ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਾਣੀ ਅਤੇ ਹਵਾ ਸਮੇਤ ਸਾਰੇ ਵਾਤਾਵਰਣ ਨੂੰ ਸਾਫ ਰੱਖਣ ਲਈ ਠੋਸ ਕਦਮ ਚੁਕੇ ਜਾਣੇ ਚਾਹੀਦੇ ਹਨ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਦੀ ਕਹਾਵਤ ਵਾਲੀ ਦੁਰਦਸ਼ਾ ਵਿਚ ਪਹੁੰਚਣ ਤੋਂ ਪਹਿਲਾਂ ਮਨੁੱਖ ਨੂੰ ਆਪਣੀ ਸਾਰੀ ਅਕਲ ਅਤੇ ਸਾਧਨ ਇਸ ਪਾਸੇ ਲਗਾ ਦੇਣੇ ਚਾਹੀਦੇ ਹਨ। ਸਾਡੇ ਮਹਾਨ ਗੁਰੂ ਨਾਨਕ ਦੇਵ ਜੀ ਨੇ ਜੀਵਨ ਅਤੇ ਕੁਦਰਤ ਦੇ ਸੰਤੁਲਨ ਬਾਰੇ ਦਰਜੇਬੰਦੀ ਕਰਦਿਆਂ ਬਹੁਤ ਸਮਾਂ ਪਹਿਲਾਂ ਸੁਚੇਤ ਕੀਤਾ ਸੀ:

ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤੁ ਮਹਤੁ
ਦਿਵਸ ਰਾਤ ਦੋਇ ਦਾਈ ਦਾਇਆ
ਖੇਲੇ ਸਗਲ ਜਗਤੁ ॥

ਕੁਦਰਤ ਨਾਲ ਇਸ ਪਵਿੱਤਰ ਰਿਸ਼ਤੇਦਾਰੀ ਨੂੰ ਪਛਾਨਣ ਦੀ ਸੋਝੀ ਮਨੁਖ ਨੇ ਪਾਸੇ ਛੱਡ ਦਿਤੀ ਹੈ। ਇਸ ਗੰਭੀਰ ਚਨੌਤੀ ਵਲੋਂ ਲੋਕ ਅਵੇਸਲੇ ਹਨ ਅਤੇ ਕਾਫੀ ਹੱਦ ਤਕ ਮਜਬੂਰ ਹਨ। ਸਰਕਾਰਾਂ ਗੈਰ-ਜ਼ਿੰਮੇਵਾਰ ਹਨ ਤੇ ਸਮਾਜ ਸੇਵੀ ਜਥੇਬੰਦੀਆਂ ਉਪਰਲੀ ਤਹਿ ਦੀਆਂ ਕਾਰਵਾਈਆਂ ਕਰਨ ਤਕ ਸੀਮਤ ਹਨ। ਅਜ ਲੋੜ ਹੈ ਕਿ ਇਸ ਮਸਲੇ ਨੂੰ ਸਭ ਨਾਲੋਂ ਪਹਿਲ ਦਿਤੀ ਜਾਵੇ। ਕੀ ਅਸੀਂ ਉਦੋਂ ਅੱਖਾਂ ਖੋਲ੍ਹਾਂਗੇ ਜਦੋਂ ਬਹੁਤ ਦੇਰ ਹੋ ਚੁਕੀ ਹੋਵੇਗੀ।

—੧੪-ਲਾਇਲਪੁਰ ਖਾਲਸਾ ਕਾਲਜ
ਸਟਾਫ ਕਾਲੋਨੀ ਜਲੰਧਰ


Sri Satguru Jagjit Singh Ji eLibrary NamdhariElibrary@gmail.com

# ਕੂਕਿਆਂ ਦੀ ਵਾਰ

—ਹਰਸਾ ਸਿੰਘ ਚਾਤਰ—

੧. ਜਦ ਸੁੱਤਾ ਸ਼ੇਰ ਪੰਜਾਬ ਦਾ ਤੱਕ ਲਿਆ ਗਦਾਰਾਂ ।
ਤਦ ਚਿਠੀ ਪਾ ਕੇ ਸੱਦੀਆਂ ਪਾਰੋਂ ਸਰਕਾਰਾਂ ।
ਆ ਮੁਦਕੀ ਅੰਦਰ ਤੇਗ ਤੋਂ ਚੰਨ ਚੜ੍ਹੇ ਹਜ਼ਾਰਾਂ ।
ਪਰ ਲੰਕ ਲੁਟਾਈ ਭੇਤੀਆਂ ਗੋਰੇ ਦਿਆਂ ਯਾਰਾਂ ।
ਫਿਰ ਵਿਚ ਸਭ੍ਰਾਵਾਂ ਖਾਲਸੇ ਬੱਧੀਆਂ ਦਸਤਾਰਾਂ ।
ਪਰ ਉਹ ਵੀ ਖਫਣ ਹੋ ਗਈਆਂ ਤਕਦੀਰੀ ਹਾਰਾਂ ।

੨. ਲੈ ਲੀਤੇ ਕੁਲ ਅੰਗਰੇਜ਼ ਨੇ ਹਥਿਆਰ ਚੁਕੰਨੇ ।
ਪਾ ਨੱਥਾਂ ਸ਼ੇਰ ਪੰਜਾਬ ਦੇ ਕਿਲਿਆਂ ਤੇ ਬੰਨੇ ।
ਫੜ ਸੱਪ ਖੜੱਪੇ ਕੀਲ ਕੇ ਕਰ ਛੱਡੇ ਅੰਨੇ ।
ਇਉਂ ਪੀੜੀ ਅਣਖ ਪੰਜਾਬ ਦੀ ਜਿਉਂ ਵੇਲਣ ਗੰਨੇ ।
ਜਦ ਬਾਜੀ ਹਰ ਜਾਏ ਕਿਸੇ ਦੀ ਕਿਸਮਤ ਨਾ ਮੰਨੇ ।
ਤਦ ਬਕਰੀ ਚੜ੍ਹ ਜਾਏ ਸ਼ੇਰ ਤੇ ਚੜ੍ਹ ਪਾਸੇ ਭੰਨੇ ।

੩. ਕੁਲ ਬੰਦੋਬਸਤ ਅੰਗਰੇਜ਼ ਨੇ ਹੁਣ ਨਵੇਂ ਸੰਭਾਲੇ ।
ਕਈ ਨਵੀਆਂ ਪਾਈਆਂ ਛੌਣੀਆਂ ਸਰਹੱਦ ਉਦਾਲੇ ।
ਕਈ ਭਾਰਤੀ ਕੀਤੇ ਗਭਰੂ ਮੱਖਣਾਂ ਦੇ ਪਾਲੇ ।
ਕਈ ਫਾਂਸੀ ਲਾਏ ਸੂਰਮੇਂ ਜੋਧੇ ਕਣ ਵਾਲੇ ।
ਮੂੰਹ ਮੁੜ ਗਏ ਤੀਰ ਤੁਫੰਗ ਦੇ ਜੰਗ ਖਾਧਾ ਭਾਲੇ ।
ਬੱਸ ਵਜ ਗਏ ਸ਼ੇਰ ਪੰਜਾਬ ਦੀ ਕਿਸਮਤ ਨੂੰ ਤਾਲੇ ।

੪. ਇਉਂ ਗੋਰੇ ਗੋਸ਼ਤ ਖੋਰ ਸੀ ਰਹਿੰਦੇ ਹਲਕਾਏ ।
ਇਨਾਂ ਬੁਚੜਖਾਨੇ ਆਣ ਕੇ ਹਰ ਜਗ੍ਹਾ ਬਣਾਏ ।
ਜਦ ਚਲੇ ਗਊ ਗਰੀਬ ਤੇ ਖਪਰੇ ਤ੍ਰਿਹਾਏ ।
ਮੂੰਹ ਚੁਕ ਅੜਿੰਗੇ ਅਰਸ਼ ਨੂੰ ਗਊਆਂ ਦੇ ਜਾਏ ।
ਕੋਈ ਘਲੀਂ ਮਰਦ ਅਗੰਮੜਾ ਸਿਰ ਤਲੀ ਟਿਕਾਏ ।
ਸਾਨੂੰ ਕੱਢੇ ਬੁਚੜ ਖਾਨਿਓਂ ਉਪਕਾਰ ਕਮਾਏ ।

੫. ਇਹ ਕੂਕ ਸੁਣੀ ਕਰਤਾਰ ਨੇ ਸਤਵੇਂ ਅਸਮਾਨੀ ।
ਉਸ ਘਲਿਆ ਇਕ ਪ੍ਰੇਰ ਕੇ ਸੂਰਾ ਲਾਸਾਨੀ ।
ਉਹ ਗੁਰ ਨਾਨਕ ਦੀ ਜੋਤ ਸੀ ਰੰਗ ਰੂਪ ਰੁਬਾਨੀ ।
ਉਸ ਸਿਮਰ ਸਿਮਰ ਗੁਰਦੇਵ ਨੂੰ ਕੀਲੇ ਅਭਿਮਾਨੀ ।
ਭਰ ਨੈਣ ਜਿਨ੍ਹੂੰ ਵੀ ਵੇਖਿਆ ਚੜ੍ਹ ਗਈ ਗਿਰਾਨੀ ।
ਉਹ ਸੂਰਜ ਬਣ ਕੇ ਚਮਕਿਆ ਵਿਚ ਦੋਹੀਂ ਜਹਾਨੀ ।

੬. ਜਦ ਰੌਲਾ ਪਿਆ ਸਮਰਾਜ ਦਾ ਬੇਈਮਾਨੀ ਚੱਲੀ ।
ਆ ਸਾਧਾਂ ਦੀ ਥਾਂ ਜਗ ਤੇ ਚੋਰਾਂ ਨੇ ਮੱਲੀ ।
ਕੋਈ ਅਬਲਾ ਜਾ ਨਾ ਸਕਦੀ ਕਿਧਰੇ ਵੀ ਕੱਲੀ ।
ਸ਼ੀਂਹ ਰਾਜੇ ਕੁਤੇ ਅਹਿਦੀਏ ਸਭ ਦੁਨੀਆਂ ਝੱਲੀ ।
ਜਦ ਵੱਜੀ ਹਰ ਇਕ ਮੰਦ੍ਰੀਂ ਖਤਰੇ ਦੀ ਟੱਲੀ ।
ਤਦ ਅਰਸ਼ੋਂ ਨਾਨਕ ਗੁਰੂ ਨੇ ਰੂਹ ਆਪਣੀ ਘੱਲੀ ।

੭. ਉਸ ਕਲਜੁਗ ਅੰਦਰ ਆ ਕੇ ਸਤਿਜੁਗ ਵਰਤਾਇਆ ।
ਉਸ ਸੁਤਾ ਮੁਲਕ ਪੰਜਾਬ ਦਾ ਲਾ ਅਣਖ ਜਗਾਇਆ ।
ਉਸ ਕੰਨਾਂ ਮੰਨਾਂ ਕੂਰਰ ਸੀ ਜਿਸ ਕੰਨੀਂ ਪਾਇਆ ।
ਉਹ ਬਣਿਆ ਸਾਧ ਸ਼ੈਤਾਨ ਤੋਂ ਅਸਚਰਜ ਵਿਖਾਇਆ ।
ਜਦ ਪੈਂਦਾ ਡਿਠਾ ਜਗ ਤੇ ਜ਼ੁਲਮਾਂ ਦਾ ਸਾਇਆ ।
ਤਦ'ਜੁਗਜੁਗ ਭਗਤ ਉਪਾਇਕੈ ਪੈਜ ਰਖਦਾ ਆਇਆ'।

੮. ਉਹ ਚੀਨੀ ਵਾਲਾ ਸੂਰਮਾਂ ਪਏ ਆਖਣ ਦਾਨੇ ।
ਉਸ ਸੋਹਣੀ ਜਗਦੀ ਜੋਤ ਦੇ ਆਸ਼ਕ ਪਰਵਾਨੇ ।
ਉਸ ਖਿੜੇ ਰੂਹਾਨੀ ਫੁਲ ਦੇ ਭੌਰੇ ਮਸਤਾਨੇ ।
ਉਹ ਨਾਮ ਖ਼ੁਮਾਰੀ ਵੰਡਦਾ ਲੈ ਪੀਣ ਦੀਵਾਨੇ ।
ਉਹ ਜਿਥੇ ਜਿਥੇ ਵਸਿਆ ਖਿੜ ਗਏ ਵੀਰਾਨੇ ।
ਆ ਸਾਦਕ ਨਜ਼ਰ ਗੁਜ਼ਾਰਦੇ ਦਿਲ ਦੇ ਨਜ਼ਰਾਨੇ ।

੯. ਜੋ ਹੈਸਨ ਚੇਲੇ ਉਸ ਦੇ ਉਸ ਤੋਂ ਵੀ ਪੱਕੇ ।
ਨਾ ਕਾਣ ਕਿਸੇ ਦੀ ਝਲਦੇ ਨਾ ਸਹਿੰਦੇ ਧੱਕੇ ।
ਉਨ੍ਹਾਂ ਥਾਂ ਥਾਂ ਵੈਰੀ ਧਰਮ ਦੇ ਧਰਤੀ ਤੋਂ ਚੱਕੇ ।
ਉਨ੍ਹਾਂ ਰੋਹੜੇ ਰਤ ਵਿਚ ਕੂਕਿਆਂ ਜ਼ਾਲਮ ਦੇ ਸੱਕੇ ।
ਜਦ ਰੋਹੜੇ ਰਤ ਵਿਚ ਕੂਕਿਆਂ ਜ਼ਾਲਮ ਦੇ ਸੱਕੇ ।
ਤਦ ਹਲ ਚਲ ਪੈ ਗਈ 'ਚਾਤਰਾ' ਲੰਡਨ ਤੇ ਮੱਕੇ ।

੧੦. ਜਾ ਵਿਚ ਅਦਾਲਤ ਮਾਰੀਆਂ ਬੁਚੜਾਂ ਨੇ ਧਾਹੀਂ ।
ਸਾਨੂੰ ਮਾਰ ਮੁਕਾਇਆ ਕੂਕਿਆਂ ਹਥਿਆਰਾਂ ਰਾਹੀਂ ।
ਅਸੀਂ ਡਰਦੇ ਰਹਿ ਨ ਸਕੀਏ ਵਿਚ ਸ਼ਹਿਰ ਗਿਰਾਹੀਂ ।
ਨਾ ਸੁਣਦਾ ਸਾਡੀ ਕੋਈ ਵੀ ਲਾ ਆਏ ਵਾਹੀਂ ।
ਹਨ ਭੈਣੀ ਅੰਦਰ ਹੁੰਦੀਆਂ ਇਹ ਰੋਜ਼ ਸਲਾਹੀਂ ।
ਅਸੀਂ ਬਿਦ ਬਿਦ ਬੁਚੜ ਵਢਣੇ ਧੁਖ ਕਢਣੀ ਨਾਹੀਂ ।



Sri Satguru Jagjit Singh Ji eLibrary NamdhariElibrary@gmail.com

੧੧. ਸੁਣ ਤਹਿ ਤਕ ਪਹੁੰਚ ਅਦਾਲਤਾਂ ਲਿਖੇ ਪਰਵਾਨੇ ।
ਝੱਟ ਪਕੜ ਲਿਆਂਦੇ ਸੂਰਮੇ ਕੂਕੇ ਮਸਤਾਨੇ ।
ਉਹ ਹਸ ਹਸ ਝੂਟੇ ਫਾਂਸੀਆਂ ਪੜ ਕੇ ਸ਼ੁਕਰਾਨੇ ।
ਵਰ ਲਈ ਸ਼ਹੀਦੀ ਲਾੜਿਆਂ ਬੰਨ੍ਹ ਹਥੀਂ ਗਾਨੇ ।
ਜੋ ਦੇਵਣ ਆਪਣੇ ਧਰਮ ਨੂੰ ਸਿਰ ਦੇ ਨਜ਼ਰਾਨੇ ।
ਉਹ ਦੁਨੀਆਂ ਦੇ ਇਤਿਸਾਸ ਨੂੰ ਲਾ ਜਾਣ ਨਿਸ਼ਾਨੇ ।

੧੨. ਸਿੰਘ ਮਾਘੀ ਮੇਲਾ ਕਰਨ ਨੂੰ ਚਲ ਭੈਣੀ ਆਏ ।
ਹੋ ਹਾਜ਼ਰ ਸ੍ਰੀ ਹਜ਼ੂਰ ਦੇ ਦੀਵਾਨ ਸਜਾਏ ।
ਲੈ ਕੂਟੇ ਛੈਣੇ ਢੋਲਕੀ ਯਸ ਗੁਰ ਦੇ ਗਾਏ ।
ਜੀ ਖੋਲ ਖੋਲ ਮਸਤਾਨਿਆਂ ਨਚ ਤਾਲ ਮਿਲਾਏ ।
ਜੋ ਕੇਸਾਂ ਕਾ ਕਰ ਲਿਖਿਆ ਸੋ ਚਵਰ ਝੁਲਾਏ ।
ਝੁਕ ਜਲਵਾ ਵੇਖੇ ਅਰਸ਼ ਤੋਂ ਇੰਦਰ ਸ਼ਰਮਾਏ ।

੧੩. ਸੀ ਜੋ ਫਾਂਸੀ ਤੇ ਚੜ੍ਹਦਿਆਂ ਨ ਕੰਬੇ ਥਿੜਕੇ ।
ਜਿਨ੍ਹਾਂ ਖੋਹੀ ਛੁਰੀ ਜਲਾਦ ਦੀ ਗਊਆਂ ਤੋਂ ਚਿੜਕੇ ।
ਜਿਨ੍ਹਾਂ ਲਈ ਸ਼ਹੀਦੀ ਸੂਰਿਆਂ ਹਥੋਂ ਹਥ ਭਿੜਕੇ ।
ਜਿਨ੍ਹਾਂ ਜ਼ਾਲਮ ਜ਼ੁਲਮ ਗੁਜ਼ਾਰਦੇ ਮਾਰੇ ਤੇ ਝਿੜਕੇ ।
ਜਿਨ੍ਹਾਂ ਕੇਸਰ ਦੀ ਥਾਂ ਧਰਮ ਨੂੰ ਲਹੂ ਆਪਣੇ ਛਿੜਕੇ ।
ਲਾ ਵਾਰਾਂ ਗਾਈਆਂ ਕੂਕਿਆਂ ਉਨ੍ਹਾਂ ਦੀਆਂ ਤਿੜਕੇ ।

੧੪. ਤਦ ਉਬਲੀ ਰਤ ਪਿਆਰ ਦੀ ਮਸਤਾਨੇ ਨੱਚੇ ।
ਉਹ ਅਣਖ ਸਹਾਰੇ ਸਾਹਮਣੇ ਅਣਖੀ ਦੇ ਮੱਚੇ ।
ਉਹ ਰੋਹ ਵਿਚ ਟਕਣ ਉਂਗਲਾਂ ਸ਼ੇਰਾਂ ਦੇ ਬੱਚੇ ।
ਕਈ ਆਏ ਵਿਚ ਵੈਰਾਗ ਦੇ ਭਰ ਨੈਣ ਚੁਬਚੇ ।
ਕਈ ਆਖਣ ਮਿਲਣ ਗਦਾਰ ਜੇ ਖਾ ਜਾਈਏ ਕੱਚੇ ।
ਜਿਨ੍ਹਾਂ ਫਾਂਸੀ ਲਾਏ 'ਚਾਤਰਾ' ਧਰਮੀਂ ਤੇ ਸੱਚੇ ।

੧੫. ਫਰਵਾਹੀ ਗੁਰਮੁਖ ਸਿੰਘ ਨੇ ਇਉਂ ਕਿਹਾ ਖਲੋ ਕੇ ।
ਗਲ ਸੁਣ ਲੌ ਜਿਗਰੇ ਵਾਲਿਓ ਹਥ ਜਿੰਦੋਂ ਧੋ ਕੇ ।
ਹੁਣ ਪਾਣੀ ਲੰਘਦਾ ਜਾ ਰਿਹਾ ਉਤੋਂ ਦੀ ਹੋ ਕੇ ।
ਜੇ ਸਿੰਘ ਨਾ ਰੋਕਣ ਜ਼ੁਲਮ ਨੂੰ ਨੱਕ ਮਰਨ ਡਬੋ ਕੇ ।
ਜਿਨ੍ਹਾਂ ਹਥੋਂ ਅਣਖਾਂ ਦਿਤੀਆਂ ਦਿਨ ਕਟੇ ਰੋ ਕੇ ।
ਉਹ ਪਾਉਂਦੇ ਨੇ ਸ਼ਰਮਿੰਦਗੀ ਗਲ ਹਾਰ ਪਰੋ ਕੇ ।

੧੬. ਜਿਦਾ ਜੀਵਨ ਜੋਗਾ ਧਰਤ ਦੇ ਧੁਰ ਹੇਠ ਖਲੋਵੇ ।
ਜਿਦਾ ਸਾਰੀ ਦੁਨੀਆਂ ਵਾਸਤੇ ਰਜ ਮੁੜ੍ਹਕਾ ਚੋਵੇ ।
ਜਿਦੀ ਘਾਲ ਕਮਾਈ ਜਗ ਦੀ ਗੁਰਬਤ ਨੂੰ ਧੋਵੇ ।
ਦੋ ਵੇਲੇ ਧਾਰਾਂ ਜਿਸ ਤੋਂ ਕੁਲ ਦੁਨੀਆਂ ਚੋਵੇ ।
ਉਹ ਆਈ ਹਥ ਜਲਾਦ ਦੇ ਉ ਮਾਤਾ ਰੋਵੇ ।
ਪਰ ਇਹ ਤਾਂ ਮਿਹਣਾਂ ਮਿਤਰੋ ਮਰਦਾਂ ਨੂੰ ਹੋਵੇ ।

੧੭. ਅਜੇ ਕਲ ਮਲੇਰੀ ਕੋਟਲੇ ਹੋਇਆ ਇਹ ਕਾਰਾ ।
ਇਕ ਬੋਲਦ ਕਾਬੂ ਮਹਿਰ ਦੇ ਬੇ ਬਸ ਵਿਚਾਰਾ ।
ਉਸ ਉਤੇ ਚੋਖਾ ਭਾਰ ਸੀ ਝੱਲੇ ਦੁਖਿਆਰਾ ।
ਸੀ ਗਾਈਂ ਉਤੇ ਭਾਰ ਦੇ ਭਾਰੇ ਤੋਂ ਭਾਰਾ ।
ਮੈਂ ਹਉਕਾ ਭਰਿਆ ਵੇਖ ਕੇ ਇਹ ਜ਼ੁਲਮ ਨਜ਼ਾਰਾ ।
ਪਰ ਕੀ ਕਰਦਾ ਲਾਚਾਰ ਸਾਂ ਚਲਿਆ ਨ ਚਾਰਾ ।

੧੮. ਆਖਿਰ ਆਖਿਆ ਮਹਿਰ ਨੂੰ ਕਿਉਂ ਕਹਿਰ ਕਮਾਵੇਂ ।
ਤੂੰ ਬੰਦਾ ਵਿਚ ਮੁਕਾਬਲੇ ਇਹ ਡੰਗਰ ਭਾਵੇਂ ।
ਜਿੰਦ ਤੇਰੇ ਵਰਗੀ ਏਸਦੀ ਪਰ ਰਹਿਮ ਨਾ ਖਾਵੇਂ ।
ਕਿਉਂ ਭਾਰ ਭਾਰ ਤੇ ਚਾੜ੍ਹ ਕੇ ਬੇਦੋਸ਼ ਸਤਾਵੇਂ ।
ਜੇ ਭਾਰ ਤੇਰੇ ਤੇ ਲਦੀਏ ਏਸੇ ਦੇ ਸੁਾਵੇਂ ।
ਫਿਰ ਕਿਵੇਂ ਮੁਕਾਵੇਂ ਮੰਜ਼ਲਾਂ ਕਿਧਰ ਨੂੰ ਜਾਵੇਂ ।

੧੯. ਫਿਰ ਕੀ ਸੀ ਕਾਜ਼ੀ ਪੈ ਗਿਆ ਗਲ ਭਰਿਆ ਪੀਤਾ ।
ਨਾ ਅੱਗਾ ਪਿਛਾ ਵੇਖਿਆ ਢਾਹ ਬੋਲਦ ਲੀਤਾ ।
ਉਸ ਰਖੀ ਛੁਰੀ ਬੇਦੋਸ਼ ਤੇ ਬਿਸਮਿਲਾ ਕੀਤਾ ।
ਇਉਂ ਬੇਜ਼ਬਾਨ ਅੜਿੰਗਿਆ ਜਿਉਂ ਜ਼ਖਮੀ ਚੀਤਾ ।
ਜਦ ਮੱਛੀ ਵਾਂਗੂ ਤੜਫਿਆ ਹੋ ਕੇ ਭੈ ਭੀਤਾ ।
ਮੇਰੇ ਅੰਦਰ ਬਦਲਾ ਲੈਣ ਦਾ ਲਗ ਗਿਆ ਪਲੀਤਾ ।

੨੦. ਮੈਂ ਓਦੋਂ ਤੋਂ ਹਾਂ ਸੜ ਰਿਹਾ ਕੋਈ ਸਾੜ ਮਿਟਾਓ ।
ਜਿਸ ਫੇਰੀ ਛੁਰੀ ਬੇਦੋਸ਼ ਤੇ ਉਸਨੂੰ ਝਟਕਾਓ ।
ਇਹ ਲਾਅਨਤ ਵਡੀ ਦੇਸ ਚੋਂ ਫੜ ਪਾਰ ਪੁਚਾਓ ।
ਕੋਈ ਕਰੇ ਵਧੀਕੀ ਕਦੇ ਨਾ ਹਥ ਐਸੇ ਲਾਓ ।
ਜੇ ਨਹੀਂ ਤਾਂ ਤੋਲਾ ਸੰਖੀਆ ਮੇਰੇ ਮੂੰਹ ਵਿਚ ਪਾਓ ।
ਮੈਨੂੰ ਇਸ ਜੀਵਨ ਤੋਂ ਦੋਸਤੋ ਆਜ਼ਾਦ ਕਰਾਓ ।


Sri Satguru Jagjit Singh Ji eLibrary NamdhariElibrary@gmail.com



**ਉਹ ਚੀਨੀ ਵਾਲਾ ਸੂਰਮਾ ਪਏ ਆਖਣ ਦਾਨੇ। ਉਸ ਸੋਹਣੀ ਜਗਦੀ ਜਤ ਦੇ ਆਸ਼ਕ ਪਰਵਾਨੇ।**

ਸਤਿਗੁਰੂ ਰਾਮ ਸਿੰਘ, ਚੀਨੀ ਘੋੜੀ ਤੇ ਸਵਾਰ, ਆਪਣੇ ਮੁਖੀ ਸੂਬਿਆਂ ਅਤੇ ਸ਼ਹੀਦੀ ਜਥੇ ਸਹਿਤ

੨੧. ਸੁਣ ਗੁਸਾ ਖਾਧਾ ਸੂਰਿਆਂ ਅਰਦਾਸ ਸੁਧਾਈ।
ਅਸੀਂ ਆਏ ਚੀਨੀ ਵਾਲਿਆ ਤੇਰੀ ਸ਼ਰਨਾਈ।
ਤੈਨੂੰ ਰਖਿਆ ਦੀਨ ਗਰੀਬ ਦੀ ਹੈ ਕਰਨੀ ਆਈ।
ਤੂੰ ਹਰ ਦੀ ਔਕੜ ਝਲਦੈਂ ਲੈ ਪੀੜ ਪਰਾਈ।
ਤੂੰ ਰਾਮ ਰੂਪ ਹੈਂ ਰਾਮ ਤੋਂ ਦੇ ਰਿਹਾ ਦਿਖਾਈ।
ਜਿਸ ਤੇਰੀ ਓਟ ਤਕਾ ਲਈ ਜਮ ਤ੍ਰਾਸ ਮਿਟਾਈ।

੨੨. ਹੇ ਸਤਿਗੁਰ ਨਿਰਬਲ ਅਸੀਂ ਹਾਂ ਬਲ ਆਪਣੇ ਭਰਦੇ।
ਕੁਝ ਚਿਣਗ ਚਵਾਤੀ ਨਾਮ ਦੀ ਮਨ ਅੰਦਰ ਧਰਦੇ।
ਅਸੀਂ ਚਿੜੀਆਂ ਵਰਗੇ ਜੀਵ ਹਾਂ ਤੂੰ ਬਾਜ਼ ਹੁਣ ਕਰਦੇ।
ਪਾ ਝਾਤੀ ਨੂਰੀ ਨਜ਼ਰ ਚੋਂ ਹਾਂ ਕੂਕਰ ਦਰਦੇ।
ਜਿਉਂ ਅਗੇ ਆਏ ਸੂਰਮੇ ਰਤ ਕਾਂਗਾਂ ਤਰਦੇ।
ਤਿਉਂ ਤਰਨ ਲਗੇ ਨੇ 'ਚਾਤਰਾ' ਅਜ ਤੇਰੇ ਬਰਦੇ।

੨੩. ਹੰਡਿਆਏ ਵਾਲੀ ਇੰਦ ਨੇ ਕੋਠੇ ਤੇ ਚੜ੍ਹਕੇ।
ਲਾਹ ਸਿਰ ਤੋਂ ਪਲੂ ਫੇਰਿਆ ਅਣਖਾਂ ਵਿਚ ਸੜ ਕੇ।
ਅਜ ਉਠੋ ਮਰਦੋ ਕੂਕਿਓ ਗੁਰ ਮੰਤਰ ਪੜ੍ਹ ਕੇ।
ਸਿਰ ਦੇ ਕੇ ਲਵੋ ਸ਼ਹੀਦੀਆਂ ਤਕਦੀਰਾਂ ਘੜ ਕੇ।
ਜਿਸ ਧਰਮੋਂ ਮੂੰਹ ਨਾ ਮੋੜਿਆ ਸਿਰ ਦਿਤਾ ਲੜ ਕੇ।
ਉਹਦਾ ਧੜ ਵੀ ਧੌੜੇ ਲਾਏਗਾ ਜ਼ਾਲਮ ਦੇ ਫੜ ਕੇ।

੨੪. ਫਿਰ ਸੌ ਸਵਾ ਸੌ ਹੋਰ ਵੀ ਨਿਕਲੇ ਪਰਵਾਨੇ।
ਉਨ੍ਹਾਂ ਪੀਤੇ ਰੇਠੇ ਰਗੜ ਕੇ ਲਾਹ ਸੰਗ ਬਹਾਨੇ।
ਉਨ੍ਹਾਂ ਅੰਤਮ ਮਥਾ ਟੇਕਿਆ ਹੱਥ ਬਧੇ ਗਾਨੇ।
ਤੂੰ ਬਿਰਧ ਪਛਾਣੀ ਸਤਿਗੁਰਾਂ ਕਿਹਾ ਇਕ ਜ਼ਬਾਨੇ।
ਅਸੀਂ ਆਸ਼ਕ ਤੇਰੇ ਨਾਮ ਦੇ ਕਮਲੇ ਮਸਤਾਨੇ।
ਸਾਨੂੰ ਬਖਸ਼ ਸ਼ਹੀਦੀ ਪਾਲੀਏ ਸਿਰ ਨਾਲ ਯਰਾਨੇ।

੨੫. ਫਿਰ ਲੰਗਰ ਛਕ ਕੇ ਸਾਰਿਆਂ ਰਾਹ ਪੈਂਡੇ ਮਲੇ।
ਬਲ ਬਖਸ਼ੀਂ ਤੇਗ਼ ਬਹਾਦਰਾ ਹਾਂ ਜੂਝਣ ਚਲੇ।
ਸਿਰ ਨਾਲ ਸ਼ਹੀਦੀ ਲਵਾਂਗੇ ਅਜ ਭਾਅ ਸੁਵੱਲੇ।
ਅਸੀਂ ਲੱਖ ਲੱਖ ਨੂੰ ਸੋਧੀਏ ਰਣ ਵਿਚ ਇਕੱਲੇ।
ਸਾਨੂੰ ਸਾਰੀ ਦੁਨੀਆਂ ਆਖਦੀ ਕਮਲੇ ਤੇ ਝੱਲੇ।
ਪਰ ਲਗੀਆਂ ਵਾਲੇ ਜਾਣਦੇ ਫੱਟ ਜੀਹਦੇ ਅੱਲੇ।



Sri Satguru Jagjit Singh Ji eLibrary NamdhariElibrary@gmail.com

੨੬. ਫਿਰ ਹੀਰਾ ਸਿੰਘ ਗਰੇਵਾਲ ਨੇ ਇਕ ਲੀਕ ਵਗਾਈ ।
ਟਪ ਲੀਕੋਂ ਗਲ ਸਰਦਾਰ ਨੇ ਇਓਂ ਆਖ ਸੁਣਾਈ ।
ਜਿਸ ਧਰਮੋਂ ਮੂੰਹ ਨਾ ਮੋੜਨਾ ਲੈ ਪੀੜ ਪਰਾਈ ।
ਜਿਦੋ ਪਿਓ ਦਾਦੇ ਨੇ ਦੋਸਤੋ ਨਹੀਂ ਲਜ ਲਵਾਈ ।
ਜਿਸ ਗਊ ਹਤਿਆਰੇ ਵਢਣੇ ਦਿਲ ਪਕ ਪਕਾਈ ।
ਉਹ ਲੰਘੇ ਏਸ ਲਕੀਰ ਨੂੰ ਸਿਰ ਦੇਵੇ ਸਾਈਂ ।

੨੭. ਜੋ ਟੱਪੇ ਆਣ ਲਕੀਰ ਤੋਂ ਸਨ ਇਕ ਸੌ ਚਾਲੀ ।
ਜਿਨ੍ਹਾਂ ਅਣਖ ਆਨ ਗੁਰ ਸਿਖ ਦੀ ਸਿਰ ਨਾਲ ਸੰਭਾਲੀ ।
ਜਿਨ੍ਹਾਂ ਅੰਦਰ ਲਾਟ ਅਗੰਮ ਦੀ ਸਤਿਗੁਰ ਨੇ ਬਾਲੀ ।
ਪਏ ਆਖਣ ਚੀਨੀ ਵਾਲਿਆ ਰੱਖੀਂ ਰਖਵਾਲੀ ।
ਅਸੀਂ ਲੈਕੇ ਤੇਰਾ ਆਸਰਾ ਜੇ ਰਖ ਵਿਖਾਲੀ ।
ਤੂੰ ਕਰੀਂ ਮੁਰਾਦਾਂ ਪੂਰੀਆਂ ਰਹਿ ਜਾਵੇ ਲਾਲੀ ।

੨੮. ਤੁਰ ਪਏ ਅਰਦਾਸਾ ਸੋਧ ਕੇ ਬੰਨ੍ਹ ਸਿਰੀਂ ਮੁੜਾਸੇ ।
ਆਏ ਸ਼ੇਰਾਂ ਵਾਂਗੂੰ ਬੁੱਕਦੇ ਸਤਿਗੁਰ ਭਰਵਾਸੇ ।
ਜੋ ਅਗੇ ਰੋੜਾ ਅਟਕਿਆ ਕੀਤਾ ਇਕ ਪਾਸੇ ।
ਦੇ ਦਿਤੇ ਲਾੜੀ ਮੌਤ ਨੂੰ ਹਰ ਤਰ੍ਹਾਂ ਦਿਲਾਸੇ ।
ਜਿਸ ਰਾਹੋਂ ਕੂਕੇ ਲੰਘਦੇ ਲੈ ਹੱਥ ਗੰਡਾਸੇ ।
ਪਏ ਜ਼ਾਲਮ ਲੁਕਦੇ ਅੰਦਰੀਂ ਡਰ ਨਾਲ ਹਰਾਸੇ ।

੨੯. ਸੰਨ ਠਾਰਾਂ ਸੌ ਬਹੱਤਰਾਂ ਮਾਘੀ ਦੇ ਪਾਲੇ ।
ਜਦ ਪੁਜੇ ਅੰਦਰ ਕੋਟਲੇ ਕੂਕੇ ਮਤਵਾਲੇ ।
ਲੰਘ ਕੇ ਢਾਬੀ ਦਰਵਾਜ਼ਿਓਂ ਹਥਿਆਰ ਸੰਭਾਲੇ ।
ਜੋ ਅੜਿਆ ਜਮਪੁਰ ਭੇਜਿਆ ਕਰ ਮੌਤ ਹਵਾਲੇ ।
ਫਿਰ ਬੁੱਚੜਖਾਨੇ ਪਹੁੰਚ ਕੇ ਉਹ ਹੱਥ ਵਿਖਾਲੇ ।
ਜੋ ਰਹਿ ਗਏ ਬੁੱਚੜ ਬੀਜ ਵੀ ਭੁਲੇ ਨਹੀਂ ਹਾਲੇ ।

੩੦. ਪਈ ਹਫਰਾ ਤਫਰੀ ਸ਼ਹਿਰ ਨੂੰ ਲੋਕੀਂ ਘਬਰਾਏ ।
ਇਹ ਕਿਥੇ ਜੰਮੇ ਜਮ ਨੇ ਕੁਝ ਸਮਝ ਨਾ ਆਏ ।
ਜਿਸ ਆ ਪਾਜੀ ਨੇ ਸਾਹਮਣੇ ਹਥਿਆਰ ਉਠਾਏ ।
ਉਹਦੀ ਅਜ਼ਲੋਂ ਟੁਟੀ ਡੋਰ ਨੂੰ ਗੰਢ ਕਿਹੜਾ ਲਾਏ ।
ਸਿੰਘ ਗੁਰਮੁਖ ਸਿੰਘ ਦੀ ਗਲ ਨੇ ਹੈਸੀ ਚਮਕਾਏ ।
ਓਹਨਾਂ ਭਰ ਭਰ ਬੇੜੇ ਜ਼ੁਲਮ ਦੇ ਰਤ ਧਾਰ ਬਹਾਏ ।

੩੧. ਸੁਣ ਆਏ ਵਿਚ ਮੁਕਾਬਲੇ ਚੁਗਿਰਦੋਂ ਠਾਣੇ ।
ਇਕ ਅਹਿਮਦ ਖਾਂ ਕੁਤਵਾਲ ਸੀ ਕੁਲ ਦੁਨੀਆਂ ਜਾਣੇ ।
ਤੇ ਮੁਨਸ਼ੀ ਹਾਫਜ਼ ਅਲੀ ਵੀ ਕਰ ਜ਼ੋਰ ਧਿੰਗਾਣੇ ।
ਲੈ ਧਾੜ ਪੁਲਸ ਦੀ ਆ ਪਿਆ ਬਦਲਾ ਕੇ ਬਾਣੇ ।
ਪਰ ਸਿੰਘਾਂ ਭੰਨੇ ਮੋਰਚੇ ਜੀਕਣ ਹਦਵਾਣੇ ।
ਰਤ ਚੱਲੀ ਉਠੇ ਬੁਲਬੁਲੇ ਤਕ ਸ਼ਹੁ ਸਰਮਾਣੇ ।

੩੨. ਸੀ ਚਾਹੇ ਖੁਦਾਈਆ ਸੂਰਮਾ ਆਪਣੇ ਨੂੰ ਕਹਿੰਦਾ ।
ਤੇ ਮਰਦ ਸ਼ਹਾਦਤ ਖਾਨ ਵੀ ਬਣ ਠਣ ਕੇ ਰਹਿੰਦਾ ।
ਸੀ ਗਾਜ਼ੀ ਅਬਦੁਲ ਰਹੀਮ ਖਾਂ ਨਿਤ ਕੰਧੀ ਖਹਿੰਦਾ ।
ਗੁਲਾਮ ਮੁਹੰਮਦ ਸਾਹਮਣੇ ਸਿਰ ਸੱਟਾਂ ਸਹਿੰਦਾ ।
ਸੀ ਸੌ ਸਿਪਾਹੀ ਇਕ ਦੇ ਨਿਤ ਤਾਬੇ ਰਹਿੰਦਾ ।
ਇਹ ਕੱਲਾ ਮਲਕੁਲ ਮੌਤ ਤੋਂ ਵੀ ਨਹੀਂ ਸੀ ਢਹਿੰਦਾ ।

੩੩. ਪਰ ਕੂਕੇ ਖਫਣ ਬੰਨ੍ਹ ਕੇ ਰਣ ਵਿਚ ਲਲਕਾਰੇ ।
ਲੈ ਆਓ ਬੁਚੜੋ ਆਪਣੇ ਕੁਲ ਯਾਰ ਪਿਆਰੇ ।
ਅਸੀਂ ਇਕੋ ਵਾਰੇ ਮਾਰਨੇ ਲਾਹ ਸੁਟੀਏ ਭਾਰੇ ।
ਅਸੀਂ ਫਰਜ਼ ਨਭਾ ਕੇ ਪੁਜੀਏ ਸਤਿਗੁਰੂ ਦੁਆਰੇ ।
ਜੋ ਗਊ ਗਰੀਬਾਂ ਵਾਸਤੇ ਹੈਸੀ ਹਤਿਆਰੇ ।
ਉਹ ਸਿੰਘਾਂ ਦੀ ਤਲਵਾਰ ਨੇ ਚੁਣ ਚੁਣ ਕੇ ਮਾਰੇ ।

੩੪. ਜੋ ਅਣਖੀ ਮਾਂ ਦਾ ਪੁੱਤ ਹੈ ਉਹ ਆਵੇ ਅੱਗੇ ।
ਅਜ ਤੇਗ ਅਸਾਡੀ ਦੁਸ਼ਟ ਨੂੰ ਰਣ ਅੰਦਰ ਠੱਗੇ ।
ਅਸੀਂ ਸੱਟਾਂ ਮਾਰ ਬਹਾਈਏ ਖਾਨਾਂ ਦੇ ਘੱਗੇ ।
ਅਸੀਂ ਮੌਤਾਂ ਅੰਦਰ ਸ਼ਹਿਰ ਦੇ ਵੰਡਣ ਹਾਂ ਲੱਗੇ ।
ਕੋਈ ਰਹੇ ਨਾ ਵਿਰਵਾ ਛਾਂਦਿਓਂ ਲੌ ਪੂਰੇ ਸੱਗੇ ।
ਅਸੀਂ ਆਏ ਅਜ ਛੁਡਾਉਣ ਹਾਂ ਗਊਆਂ ਤੇ ਢੱਗੇ ।

੩੫. ਵਧ ਹੀਰਾ ਸਿੰਘ ਗਰੇਵਾਲੀਆ ਤਲਵਾਰ ਚਲਾਵੇ ।
ਉਹਦਾ ਵਾਰ ਇਕੱਲਾ ਦੋ ਨੂੰ ਧਰਤੀ ਤੇ ਪਾਵੇ ।
ਤੇ ਲਹਿਣਾ ਸਿੰਘ ਵੀ ਜਿਸ ਨੂੰ ਕਢ ਮੌਤ ਵਿਖਾਵੇ ।
ਉਹ ਦੋ ਗਜ਼ ਧਰਤੀ ਮੰਗਦਾ ਛੱਡ ਕੂੜੇ ਦਾਵੇ ।
ਇਹ ਦੋਵੇਂ ਮੌਤਾਂ ਵੰਡਦੇ 'ਚਾਤਰ' ਵਰਤਾਵੇ ।
ਜੋ ਚੜ੍ਹ ਕੇ ਆਵੇ ਇਨ੍ਹਾਂ ਤੇ ਦੋਜ਼ਕ ਵਿਚ ਜਾਵੇ ।



Sri Satguru Jagjit Singh Ji eLibrary NamdhariElibrary@gmail.com

੩੬. ਸੀ ਮਾਈ ਭਾਗੋ ਵਾਂਗਰਾਂ ਇੰਦ ਕੌਰਾਂ ਲੜਦੀ ।
ਉਸ ਹੱਥ ਗੰਡਾਸਾ ਪਕੜਿਆ ਲਾਹ ਪਾਸਾ ਖੜਦੀ ।
ਉਹ ਜਿਧਰ ਜਿਧਰ ਝੂਮਦੀ ਗੁਰਮੰਤਰ ਪੜ੍ਹਦੀ ।
ਬਸ ਓਧਰ ਓਧਰ ਟੁਟਦੀ ਲਗੀ ਸਿਰ ਧੜ ਦੀ ।
ਉਹ ਪਈ ਕਮਾਲ ਵਖਾਲਦੀ ਨੈ ਬਣ ਕੇ ਹੜ੍ਹ ਦੀ ।
ਜਿੰਦ ਕਢੇ ਜਿਸ ਵਰਿਆਮ ਦੀ ਮੁੜ ਕੇ ਨਾ ਵੜਦੀ ।

੩੭. ਹਰ ਕੂਕਾ ਹੈਸੀ ਜਾਪਦਾ ਨਲੂਏ ਦੀ ਨਿਆਈਂ ।
ਹਥ ਸ਼ਸਤਰ ਭਿੱਜੇ ਰੱਤ ਦੇ ਦਿਸ ਰਹੇ ਬਲਾਈਂ ।
ਜਾ ਜਿਥੇ ਜਿਥੇ ਕੂਕਦੇ ਮੌਤਾਂ ਦੇ ਸਾਈਂ ।
ਉਥੇ ਕਾਤਲ ਡਿਗਣ ਸਹਿਮ ਕੇ ਜਿਨ੍ਹਾਂ ਵਢੀਆਂ ਗਾਈਂ ।
ਸੀ ਜਿਸ ਨੇ ਲਦਿਆ ਬਲਦ ਸੀ ਪਾ ਭਾਰ ਅਜਾਈਂ ।
ਉਹ ਬਿਦ ਕੇ ਸਿੰਘਾਂ ਮਾਰਿਆ ਕਾਜ਼ੀ ਤੇ ਰਾਈਂ ।

੩੮. ਜਦ ਘੜੀਆਂ ਅੰਦਰ ਖਾਲਸੇ ਪਾ ਗਏ ਭਸੂੜੀ ।
ਤਕ ਵਿਛੀ ਕਸਾਈਆਂ ਦੇ ਘਰੀਂ ਇਕ ਵਢੋਂ ਫੂੜੀ ।
ਜੋ ਸਮਝਣ ਗਊ ਗਰੀਬ ਨੂੰ ਹਲਵਾ ਤੇ ਪੂੜੀ ।
ਓ ਧਰਤ ਸੁਵਾਏ ਕੂਕਿਆਂ ਨੇ ਨੀਂਦਰ ਗੂੜ੍ਹੀ ।
ਜਿਸ ਮਾਫੀ ਮੰਗੀ ਪੰਥ ਤੋਂ ਮੂੰਹ ਲੈ ਕੇ ਤੂੜੀ ।
ਉਹ ਸਹੀ ਸਲਾਮਤ ਘਰ ਗਿਆ ਲੈ ਕੇ ਜਿੰਦ ਮੂੜੀ ।

੩੯. ਇਉਂ ਲੜਦੇ ਭਿੜਦੇ ਖਾਲਸੇ ਰਣ ਅੰਦਰ ਆਏ ।
ਆ ਬੇਹ ਤੇ ਕਮਰਾਂ ਖੋਲ੍ਹੀਆਂ ਲਖ ਸ਼ੁਕਰ ਮਨਾਏ ।
ਪਾ ਵਿਚ ਮਿਆਨ ਭਗਉਤੀਆਂ ਨਿਸ਼ਾਨ ਝੁਲਾਏ ।
ਤੂੰ ਧੰਨ ਧੰਨ ਚੀਨੀ ਵਾਲਿਆ ਜਿਸ ਸਿਦਕ ਪੁਗਾਏ ।
ਜੋ ਬੋਲ ਜਬਾਨੋਂ ਕਹੇ ਸੀ ਸਿਰ ਨਾਲ ਨਿਭਾਏ ।
ਜਸ ਤੇਰਾ ਦੇਸ ਪੁਜਾਰੀਆ ਜਗ ਕਿਉਂ ਨਾ ਗਾਏ ।

੪੦. ਆ ਲੱਗਾ ਮੇਲਾ ਬੇਹ ਤੇ ਚਲ ਸੰਗਤਾਂ ਆਈਆਂ ।
ਉਨ੍ਹਾਂ ਪੀਤੇ ਗੂੜ੍ਹੇ ਰਗੜ ਕੇ ਸੁਖੇ ਸਰਦਾਈਆਂ ।
ਫਿਰ ਆਖਿਆ ਹੀਰਾ ਸਿੰਘ ਨੇ ਦੇ ਰਾਮ ਦੁਹਾਈਆਂ ।
ਨ ਮਰਦ ਮੈਦਾਨੋਂ ਭੱਜਦੇ ਲਖ ਹੋਣ ਬਲਾਈਆਂ ।
ਜੋ ਤੇਗ ਬਹਾਦਰ ਗੁਰੂ ਤੋਂ ਲੀਕਾਂ ਲਿਖਵਾਈਆਂ ।
ਉਹ ਕੂਕ ਕੂਕ ਕੇ ਕੂਕਿਆਂ ਸਿਰ ਨਾਲ ਨਿਭਾਈਆਂ ।

੪੧. ਜਿਨ੍ਹਾਂ ਸੀਸ ਵਾਰਨਾਂ ਧਰਮ ਤੋਂ ਉਫ ਰਤਾ ਨਾ ਕਰਨੀ ।
ਜਿਨ੍ਹਾਂ ਮਰਨਾਂ ਵਿਚ ਮੈਦਾਨ ਦੇ ਮਰਦਾਂ ਦੀ ਮਰਨੀ ।
ਜਿਨ੍ਹਾਂ ਕਾਰ ਗੁਜ਼ਾਰੀ ਆਪਣੀ ਸਿਰ ਦੇ ਕੇ ਭਰਨੀ ।
ਜਿਨ੍ਹਾਂ ਨਾਰ ਸ਼ਹੀਦੀ ਲੜਿਆਂ ਹਸ ਹਸ ਕੇ ਵਰਨੀ ।
ਜਿਨ੍ਹਾਂ ਪੀੜ ਪਰਾਈ ਆਪਣੀ ਛਾਤੀ ਤੇ ਜਰਨੀ ।
ਉਹ ਰਹਿਣ ਜਿਨ੍ਹਾਂ ਨੇ ਲਗਣਾਂ ਸਤਿਗੁਰ ਦੀ ਚਰਨੀ ।

੪੨. ਇਹ ਕਹਿੰਦੇ ਕਹਿੰਦੇ ਜੋਸ਼ ਖਾ ਸਭ ਸੂਰੇ ਆਏ ।
ਆ ਠਾਣੇ ਨੇੜੇ ਗਜ ਕੇ ਜੈਕਾਰੇ ਲਾਏ ।
ਕਰ ਹਿੰਮਤ ਫੜ ਲੌ ਪੁਲਸੀਓ ਸ਼ੇਰਾਂ ਦੇ ਜਾਏ ।
ਜਿਨ੍ਹਾਂ ਵਿਚ ਮਲੇਰ ਕੋਟਲੇ ਸ਼ਸ਼ਤਰ ਚਮਕਾਏ ।
ਜਿਨ੍ਹਾਂ ਵਢ ਵਢ ਬੁਚੜ ਆਕੜੇ ਧਰਤੀ ਤੇ ਪਾਏ ।
ਜਿਨ੍ਹਾਂ ਭਰ ਭਰ ਬੇੜੇ ਜ਼ੁਲਮ ਦੇ ਰਤ ਧਾਰ ਵਹਾਏ ।

੪੩. ਅਸੀਂ ਚਾਹੁੰਦੇ ਹਾਂ ਸੰਸਾਰ ਨੂੰ ਮਰ ਕੇ ਵੀ ਦਸੀਏ ।
ਤਕ ਮੌਤ ਖਲੋਤੀ ਸਾਹਮਣੇ ਖਿੜ ਖਿੜ ਕੇ ਹਸੀਏ ।
ਅਸੀਂ ਫਾਂਸੀ ਤੋਪਾਂ ਵੇਖ ਕੇ ਹਸ ਕਮਰਾਂ ਕਸੀਏ ।
ਅਸੀਂ ਆਸ਼ਕ ਉਸ ਦੇ ਨਾਮ ਦੇ ਸੁਰਤੀ ਵਿਚ ਫਸੀਏ ।
ਹੁਣ ਸਿਰੋਂ ਪਰੇਰੇ ਖੇਡ ਕੇ ਚਰਨਾਂ ਵਿਚ ਵਸੀਏ ।

੪੪. ਆ ਘੇਰੇ ਪੁਲਸੀ ਧਾੜ ਨੇ ਆਸ਼ਕ ਪਰਵਾਨੇ ।
ਤਕ ਲੱਗਾ ਸ਼ਗਨ ਸ਼ਹਾਦਤੀ ਨੱਚੇ ਮਸਤਾਨੇ ।
ਨਾ ਕਣ ਭਰ ਕੀਤੇ ਕਿਸੇ ਵੀ ਸੰਗ ਸ਼ਰਮ ਬਹਾਨੇ ।
ਸਨ ਸ਼ਸਤਰ ਜਿਨ੍ਹਾਂ ਪਾਲਣੇ ਸਿਰ ਨਾਲ ਯਰਾਨੇ ।
ਪਏ ਆਖਣ ਚੀਨੀ ਵਾਲਿਆ ਲੈ ਸੀਸ ਬਿਆਨੇ ।
ਦੇਹ ਦਾਤ ਹਸ ਕੇ ਨਾਮ ਦੀ ਲਗ ਜਾਣ ਨਿਸ਼ਾਨੇ ।

੪੫. ਚੌਪਾਸੀਂ ਤਾਰਾਂ ਖੜਕੀਆਂ ਜਗ ਧੁੰਮਾਂ ਪਈਆਂ ।
ਜਿਨ੍ਹਾਂ ਵਢੇ ਬੁਚੜ ਸ਼ਕਤੀਆਂ ਉਹ ਫੜੀਆਂ ਗਈਆਂ ।
ਉਨ੍ਹਾਂ ਆਪੇ ਮੂੰਹੋਂ ਮੰਗ ਕੇ ਗ੍ਰਿਫਤਾਰੀਆਂ ਲਈਆਂ ।
ਉਹ ਹਾਲਾਂ ਤਕ ਵੀ ਜ਼ਾਲਮਾਂ ਤੇ ਲੈਂਦੇ ਝਈਆਂ ।
ਸੀ ਜਾਨ ਬਚਾ ਲੌ ਆਖਿਆ ਰਲਮਿਲ ਕੇ ਕਈਆਂ ।
ਪਰ ਈਨਾਂ ਮੂਲ ਨਾ ਮੰਨੀਆਂ ਸਿਰਲੱਥ ਮੁਦਈਆਂ ।



Sri Satguru Jagjit Singh Ji eLibrary NamdhariElibrary@gmail.com

੪੬. ਮੁੜ ਆਏ ਸਾਰੇ ਕੱਟਲੇ ਅਣਖੀਲੇ ਕੂਕੇ।
ਜੋ ਅਣਖ ਪਕਾਉਣੀ ਜਾਣਦੇ ਦੇ ਸੀਸ ਝਲੂਕੇ।
ਜਿਨ੍ਹਾਂ ਬੁਚੜ ਕੁਲ ਪੰਜਾਬ ਦੇ ਇਕ ਵਢੋਂ ਫੂਕੇ।
ਤਕ ਜਿਨ੍ਹਾਂ ਨੂੰ ਜਮਰਾਜ ਵੀ ਚੂਚੇ ਜਿਉਂ ਚੂਕੇ।
ਜੋ ਫਨੀਅਰ ਵਾਂਗੂੰ ਜ਼ੁਲਮ ਦੇ ਸਿਰ ਚੜ੍ਹ ਕੇ ਸ਼ੂਕੇ।
ਜਿਨ੍ਹਾਂ ਧਾਂਕ ਬਹਾਈ ਧਰਮ ਦੀ ਕੁਲ ਪਾਪ ਝਲੂਕੇ।

੪੭ ਹਨ ਚਿਹਰੇ ਉਤੇ ਲਾਲੀਆਂ ਨਾ ਮੂਲ ਉਦਾਸੇ।
ਹੈ ਮਰਨ ਮਨਸਾ ਸੂਰਿਆਂ ਸਤਿਗੁਰ ਭਰਵਾਸੇ।
ਪਏ ਕਹਿਣ ਸ਼ਹੀਦੀ ਪੀਣ ਨੂੰ ਸਿਰ ਕਰਨੇ ਕਾਸੇ।
ਅਸੀਂ ਜਾਨ ਟਿਕਾ ਤਲੀ ਤੇ ਖੇਲਾਂਗੇ ਪਾਸੇ।
ਸਾਨੂੰ ਪੈਰੋਂ ਕੱਢ ਨਾ ਸਕਦੇ ਲਾਲਚ ਤੇ ਤ੍ਰਾਸੇ।
ਸਿਰ ਨਾਲ ਨਿਭਾਵਾਂਗੇ ਸਦਾ ਕਰ ਬਚਨ ਖੁਲਾਸੇ।

੪੮. ਲੈ ਆਂਦੇ ਘੇਰ ਜਮਾਲਪੁਰ ਮੌਤਾਂ ਦੇ ਸਾਈਂ।
ਜਿਨ੍ਹਾਂ ਸੀਸ ਟਿਕਾਕੇ ਤਲੀ ਤੇ ਛੜਵਾਈਆਂ ਗਾਈਂ।
ਜਿਨ੍ਹਾਂ ਧੱਕਾ ਹੁੰਦਿਆਂ ਰੋਕਿਆ ਵਿਚ ਸ਼ਹਿਰ ਗਿਰਾਈਂ।
ਜੋ ਇਕ ਦਿਨ ਬੁਚੜਾਂ ਵਾਸਤੇ ਸੀ ਬਣੇ ਬਲਾਈਂ।
ਓਹਨਾਂ ਦਿਲ ਦੇ ਵਿਚ ਵਸਾ ਕੇ ਗੁਰ ਪੂਰੇ ਤਾਈਂ।
ਕਿਹਾ ਕਿਣਕਾ ਆਪਣੀ ਮਿਹਰ ਦਾ ਸਾਡੇ ਸਿਰ ਪਾਈਂ।

੪੯. ਨੌਂ ਤੋਪਾਂ ਵਿਚ ਮੁਕਾਬਲੇ ਬਣ ਠਣ ਕੇ ਆਈਆਂ।
ਜੋ ਮਣ ਮਣ ਦਾਰੂ ਖਾਂਦੀਆਂ, ਚਲਣ ਹਲਕਾਈਆਂ।
ਤਕ ਕਿਲ੍ਹੇ ਜਿਨ੍ਹਾਂ ਦੀ ਚਲ ਨੂੰ ਡਿਗਣ ਵਿਚ ਖਾਈਆਂ।
ਜੇ ਪਰਬਤ ਵੇਖਣ ਸਾਮ੍ਹਣੇ ਚੜ੍ਹ ਜਾਣ ਹਵਾਈਆਂ।
ਓਹ ਰਣ ਚੰਡੀ ਦੀਆਂ ਚੇਲੀਆਂ ਮੌਤਾਂ ਮੂੰਹ ਲਾਈਆਂ।
ਨਾ ਜਾਗੇ ਧਰਤੀ ਜਿਸ ਥਾਂ ਇਹ ਜਾਣ ਚਲਾਈਆਂ।

੫੦. ਝਟ ਗਿਰਦੇ ਸਾਢੇ ਸੱਤ ਸੌ ਖੜ ਗਏ ਜਰਵਾਣੇ।
ਪਟਿਆਲਾ ਨਾਭਾ ਜੀਂਦ ਦੇ ਓਹ ਆਦਮ ਖਾਣੇ।
ਇਹ ਪੁਲਸ ਬੜੀ ਸ਼ਾਹਜ਼ੋਰ ਸੀ ਕੁਲ ਆਲਮ ਜਾਣੇ।
ਰਗ ਰਗ ਵਿਚ ਕਈ ਸ਼ਰਾਰਤਾਂ ਕਰਦੇ ਮਨ ਮਾਣੇ।
ਜਿਉਂ ਫੁਲਾਂ ਗਿਰਦੇ ਰਖਦੇ ਕਰ ਵਾੜ ਸਿਆਣੇ।
ਤਿਉਂ ਚੱਪੇ ਚੱਪੇ 'ਚਾਤਰਾ' ਬੈਠੇ ਸੀ ਠਾਣੇ।

੫੧. ਸੀ ਕਾਵਨ ਨਾਂ ਅੰਗਰੇਜ਼ ਦਾ ਬਣ ਡੀ.ਸੀ. ਆਇਆ।
ਉਸ ਚਾਰ ਚੁਫੇਰ ਢੰਡੋਰਚੀ ਘੱਲ ਢੋਲ ਵਜਾਇਆ।
ਉਹ ਦੋਸ਼ੀ ਤੋਪਾਂ ਸਾਮ੍ਹਣੇ ਜਾਸੀ ਉਡਵਾਇਆ।
ਜਿਨ੍ਹਾਂ ਕੀਤਾ ਵਿਚ ਪੰਜਾਬ ਦੇ ਆ ਅਮਨ ਸਫਾਇਆ।
ਜਿਸ ਤਕਣੀਆਂ ਤੋਪਾਂ ਚਲਦੀਆਂ ਮਨ ਸ਼ੌਕ ਸਵਾਇਆ।
ਆ ਵੇਖੇ ਵਿਚ ਮਦਾਨ ਦੇ ਕਾਵਨ ਦੀ ਮਾਇਆ।

੫੨. ਜਿਨ੍ਹਾਂ ਮਨ ਵਿਚ ਡਰ ਅੰਗਰੇਜ਼ ਦਾ ਨ ਰਖਿਆ ਮਾਸਾ।
ਜਿਨ੍ਹਾਂ ਵਢਿਆ ਵਿਚ ਪੰਜਾਬ ਦੇ ਬੁਚੜਾਂ ਦਾ ਪਾਸਾ।
ਜਿੰਦ ਲੈਣੀ ਦੇਣੀ ਜਿਨ੍ਹਾਂ ਦਾ ਇਕ ਬਣਿਆ ਹਾਸਾ।
ਜੋ ਜਗ ਵਿਚ ਵਡੇ ਧਾੜਕੂ ਸਿਰ ਧਾਰ ਮੁੜਾਸਾ।
ਓਹ ਉਡਦੇ ਤੋਪਾਂ ਸਾਹਮਣੇ ਧਰ ਗੁਰ ਭਰਵਾਸਾ।
ਆ ਵੇਖਣ ਜਿਨ੍ਹਾਂ ਵੇਖਣਾ ਅਸਚਰਜ ਤਮਾਸ਼ਾ।

੫੩. ਇਹ ਢੋਲ ਢਮੱਕਾ ਸੁਣਦਿਆਂ ਸਭ ਵੇਖਣ ਆਏ।
ਕਿਂਵ ਹਸ ਹਸ ਜਾਨਾਂ ਵਾਰਦੇ ਮਾਵਾਂ ਦੇ ਜਾਏ।
ਕਿਂਵ ਝਗੜ ਝਗੜਕੇ ਸੂਰਮਾ ਛਾਤੀ ਅਕੜਾਏ।
ਕਿਂਵ ਤੋਪਾਂ ਨਾਲ ਲੜਾਉਣਗੇ ਨੇਤਰ ਨਸ਼ਿਆਏ।
ਇਕ ਸਿਖ ਸੁਣੀਂਦਾ ਸੂਰਮਾ ਲਖਾਂ ਨੂੰ ਖਾਏ।
ਅਜ ਤਕੀਏ ਗੋਲਾ ਤੋਪ ਦਾ ਕਿਸ ਤਰ੍ਹਾਂ ਚਬਾਏ।

੫੪. ਦੋ ਤੋਪਾਂ ਵਿਚ ਮੁਕਾਬਲੇ ਮੈਦਾਨੀ ਆਈਆਂ।
ਕਿਤੇ ਕੂਕੇ ਦੂਰੋਂ ਨੇੜਿਓਂ ਨਾ ਕਰਨ ਚੜ੍ਹਾਈਆਂ।
ਜੇ ਮਿਲ ਕੇ ਹੱਲਾ ਮਾਰਿਆ ਭੈਣੀ ਦੀਆਂ ਮਾਈਆਂ।
ਤਾਂ ਉਸ ਵੇਲੇ ਕਲਜੋਗਣਾਂ ਇਹ ਜਾਣ ਚਲਾਈਆਂ।
ਪਰ ਜਿਨ੍ਹਾਂ ਜਾਨਾਂ ਤਲੀ ਤੇ ਦਿਲ ਧਾਰ ਟਿਕਾਈਆਂ।
ਓਹ ਕਦੇ ਨਾ ਹੁੰਦੇ 'ਚਾਤਰਾ' ਮੋਹਰਾਂ ਤੋਂ ਪਾਈਆਂ।

੫੫. ਤਕ ਬੱਝੇ ਆਣ ਨਜ਼ਾਰੇ ਵਿਚ ਮੈਦਾਨ ਦੇ।
ਆ ਮੌਤਾਂ ਦੇ ਖੜਕਾਰੇ ਸੰਗਲ ਖੜਕਦੇ।
ਇਓਂ ਕੂਕੇ ਗਏ ਖਲ੍ਹਾਰੇ ਤੋਪਾਂ ਸਾਹਮਣੇ।
ਜਿਉਂ ਰਾਂਝੇ ਹੀਰ ਦੁਆਰੇ ਤਲਬ ਦੀਦਾਰ ਦੀ।
ਜਾਂ ਬਣ ਠਣ ਰਾਜ ਦੁਲਾਰੇ ਖੜੇ ਸਵੰਬਰੀਂ।
ਜਾਂ ਮੰਡੀ ਵਿਚ ਵਣਜਾਰੇ ਸੌਦਾ ਮਾਰਦੇ।
ਸੀ ਭਾਵੇਂ ਸੌ ਹਤਿਆਰੇ ਸਾਂਭੀ ਗਾਰਦਾਂ।
ਪਰ 'ਚਾਤਰ' ਮਰਦ ਮੁਨਾਰੇ ਰਤਾ ਨਾ ਡੋਲਦੇ।

੫੬. ਦੇਹ ਤੂੰਬਿਆਂ ਵਾਂਗ ਉਡਾਈ ਤੋਪਾਂ ਚੱਲ ਕੇ।
ਪਰ ਮਰਦਾਂ ਅਣਖ ਵਿਖਾਈ ਆਣ ਕਮਾਲ ਦੀ।
ਨਾ ਅੱਖ ਜਰਾ ਝਮਕਾਈ ਸ਼ੇਰਾਂ ਕੂਕਿਆਂ।
ਜਿੰਦ ਨਿਕਲੇ ਵਾਂਗ ਹਵਾਈ ਜਾਵੇ ਅਰਸ਼ ਨੂੰ।
ਜਾਂ ਸੂਰਜ ਵਿਚ ਸਮਾਈ ਕਾਰ ਜੁਆਨ ਦੀ।
ਉਸ ਕਰ ਦਿਤੀ ਰੁਸ਼ਨਾਈ ਸਾਰੇ ਦੇਸ ਤੇ।
ਬਈ ਜਿਨ੍ਹਾਂ ਜਾਨ ਲੜਾਈ ਫਰਜ਼ ਪਛਾਣ ਕੇ।
ਇਸ ਜਗ ਤੇ ਧੰਨ ਕਮਾਈ 'ਚਾਤਰ' ਉਨ੍ਹਾਂ ਦੀ।



Sri Satguru Jagjit Singh Ji eLibrary NamdhariElibrary@gmail.com

੫੭. ਇਹ ਕੂਕਾ ਹੈਸੀ ਆਇਆ ਨੀਵੇਂ ਕੱਦ ਦਾ ।
ਉਸ ਆਪੇ ਬੜਾ ਬਣਾਇਆ ਇਟਾਂ ਜੋੜ ਕੇ ।
ਰੰਗ ਹੋਇਆ ਦੂਣ ਸਵਾਇਆ ਖਾਰੇ ਚੜ੍ਹਦਿਆਂ ।
ਰਣ ਅੰਦਰ ਉਸ ਦੀ ਮਾਇਆ ਵੇਖੀ ਸਾਰਿਆਂ ।
ਜਿਨ ਲਾਹ ਕੇ ਸੀਸ ਟਿਕਾਇਆ ਉਤੇ ਤਲੀ ਦੇ ।
ਉਸ ਭੇਤ ਸਜਣ ਦਾ ਪਾਇਆ ਆਸ਼ਕ ਮਰਦ ਨੇ ।
ਪਰ ਉਹ ਵੀ ਸਫਨ ਸਫਾਇਆ ਕੀਤਾ ਤੋਪ ਨੇ ।
ਨਾ ਪਿਛੋਂ ਪੈਰ ਹਟਾਇਆ 'ਚਾਤਰ' ਯਾਰ ਨੇ ।

੫੮. ਬਾਰਾਂ ਤੇਰਾਂ ਵਰ੍ਹੇ ਦਾ ਨਾਂ ਬਿਸ਼ਨ ਸਿੰਘ ਬਲਕਾਰੀ ।
ਵੇਖ ਖਲੋਤਾ ਸਾਹਮਣੇ ਦਿਲ ਮੇਮ ਦੇ ਫਿਰੀ ਕਟਾਰੀ ।
ਨਾਲ ਇਸ਼ਾਰੇ ਸਦਿਆ ਦਸੀ ਉਸਨੂੰ ਦਿਲ ਦੀ ਸਾਰੀ ।
ਜੇਕਰ ਆਖੇਂ ਮੈਂ ਨਾ ਰਾਮ ਸਿੰਘ ਦੀ ਸਿਖੀ ਧਾਰੀ ।
ਮੈਂ ਨਹੀਂ ਕੂਕੇ ਪੰਥ ਦੀ ਦਿਲੋਂ ਕਰਾਂਗਾ ਕਾਰਗੁਜ਼ਾਰੀ ।
ਮਾਫੀ ਮੰਗ ਬਚਾ ਲੈ ਸੁਹਲ ਸੁਹਣੀ ਜਿੰਦ ਪਿਆਰੀ ।
ਇਸ ਦੁਨੀਆ ਤੇਮੂਰਖਾ ਕੋਈਨਾ ਆਇਆ ਦੂਜੀ ਵਾਰੀ ।
ਇਸਲਈ ਬਿਨਾਂ ਵਿਚਾਰਿਓਂ ਲਾਨਾ ਜਾਵੀਂ ਕਿਤੇ ਉਡਾਰੀ।
ਇਵੇਂ ਸਿੰਘ ਨੂੰ ਮੇਮ ਪੁਕਾਰੀ ।

੫੯. ਸੁਣ ਕੇ ਗਲ ਜੁਵਾਨ ਨੇ ਕਿਹਾ ਮੇਮ ਨੂੰ ਏਵੇਂ ਕਰਸਾਂ ।
ਪਰ ਮੈਂ ਲੋਕਾਂ ਸਾਹਮਣੇ ਕਿਦਾਂ ਲਫਜ਼ ਜ਼ਬਾਨੋਂ ਧਰਸਾਂ ।
ਕੰਨ ਵਿਚ ਕਹੋਤਾਂ ਕਹਿ ਦਿਆਂ ਉਚਾ ਸਾਹ ਕਦੇਨਾ ਭਰਸਾਂ।
ਮੈਂ ਵੀ ਆਖਰ ਸਿੰਘ ਹਾਂ ਸਿੰਘਾਂ ਵਾਂਗਰ ਹੀ ਰਤ ਤਰਸਾਂ,
ਸਿੰਘਾਂ ਵਾਂਗ ਵੰਗਾਰ ਕੇ ਹਸ ਹਸ ਕਾਰ ਸ਼ਹੀਦੀ ਵਰਸਾਂ ।
ਇਕ ਗੋਲਾ ਕੀ ਲਖ ਵੀ ਆਵੇ ਤਾਂ ਛਾਤੀ ਤੇ ਕਰਸਾਂ ।
ਡਰਦੇ ਡੁੰਮ ਡਰਾਵਿਓਂ ਮੈਂ ਨਾ ਮੌਤੋਂ ਹਰਗਿਜ਼ ਡਰਸਾਂ ।
ਨਹੀਂ ਤਾਂ ਮੈਂ ਵੀ ਤਤੀਏ ਨ੍ਹਾ ਨ੍ਹਾ ਕੇ ਰਤ ਅੰਦਰ ਠਰਸਾਂ।
ਮਰਦਾਂ ਵਾਂਗ ਮੈਦਾਨੇ ਮਰਸਾਂ ।

੬੦. ਜਦ ਇਹ ਬਣਤ ਬਣਾਈ ਕੰਨ ਵਿਚ ਕਹਿਣ ਦੀ ।
ਉਡ ਕੇ ਵਾਂਗ ਹਵਾਈ ਪਹੁੰਚਾ ਸੂਰਮਾ ।
ਜਾਂਦੇ ਪਕੜ ਹਿਲਾਈ ਦਾੜ੍ਹੀ ਸਾਹਿਬ ਦੀ ।
ਉਸ ਕੁਰਲਾਟ ਮਚਾਈ ਰੋਕੋ ਏਸ ਨੂੰ ।
ਭੇਜੇ ਆਏ ਕਸਾਈ ਅਫ਼ਸਰ ਪੁਲਸ ਦੇ ।
ਆਖੇ ਰਾਮ ਦੁਹਾਈ ਲੋਕੋ ਸੁਣ ਲਵੋ ।
ਇਕੋ ਰਾਸ ਬਿਦਾਈ ਕੂਕੇ ਕਾਲ ਦੀ ।

੬੧. ਹਰਨਾਮ ਸਿੰਘ ਇਕ ਲਾਲ ਗੁਰੂ ਦਾ ਖਾਲਸਾ ।
ਓ ਤੁਰਿਆ ਰੜ ਤੋਂ ਨਾਲ ਸੀ ਲੈ ਕੇ ਲਾਲਸਾ ।
ਮੈਂ ਰਚ ਅਖਾੜਾ ਮੰਗ ਹੈ ਮੌਤ ਵਿਆਹੁਣੀ ।
ਮੈਂ ਪਾਲਾਂ ਵੀਰਾਂ ਸੰਗ ਇਹ ਜਿੰਦ ਪਰਾਹੁਣੀ।
ਮੈਨੂੰ ਹਟਕੇ ਕੋਈ ਨਾ ਵੀਰ ਵਿਖਾਲਾਂ ਖੇਲ ਕੇ ।
ਗੁਰ ਦਿਲ ਨੂੰ ਦਿਤੀ ਧੀਰ ਤੁਹਾਨੂੰ ਮੇਲ ਕੇ ।
ਲੈ ਮੈਨੂੰ ਆਪਣੇ ਨਾਲ ਤੁਰੋ ਸਤ ਸੰਗੀਓ ।
ਹੈ ਜ਼ੋਰਾ ਵਰ ਜਿਹਾ ਬਾਲ ਬਣਾਂਗਾ ਜੰਗੀਓ ।

੬੨. ਇਹ ਗੁਰਮੁਖ ਰੜ ਦਾ ਵਾਸੀ ਹੈਸੀ ਸੂਰਮਾ ।
ਸੀ ਮਰਦਾਂ ਵਾਂਗੂੰ ਹਾਸੀ ਜਾਣੇ ਮੌਤ ਨੂੰ ।
ਸੀ ਸੱਚਾ ਗੁਰ ਅਬਨਾਸ਼ੀ ਹਰਦਮ ਸਿਮਰਦਾ ।
ਵਾਹ ਅੰਦਰ ਪੂਰਨਮਾਸ਼ੀ ਜੋਤ ਅਗੰਮਦੀ ।
ਪਿਆਰ ਆਖੇ ਕਰੋ ਖਲਾਸੀ ਗੋਲਾ ਮਾਰ ਕੇ ।
ਮੇਰਾ ਸਿਮਰਨ ਕੇਸੀਂ ਸਾਸੀਂ ਨਿਭ ਜਾਏ ਦੋਸਤੋ ।
ਇਉਂ ਉਡਿਆ ਉਹ ਵਿਸਵਾਸੀ ਕੂਕਾ ਬਾਲਕਾ ।
ਜਿਉਂ ਰਾਕਟ ਚੜ੍ਹੇ ਅਕਾਸੀ 'ਚਾਤਰ' ਚਲ ਕੇ ।

੬੩. ਇਉਂ ਵਾਰੀ ਵਾਰੀ ਕੂਕਿਆਂ ਕੁਰਬਾਨੀ ਦਿਤੀ ।
ਇਹ ਬਾਜ਼ੀ ਵਿਚ ਮੈਦਾਨ ਦੇ ਜਿੰਦ ਲਾ ਕੇ ਜਿਤੀ ।
ਜੋ ਆਗਿਆ ਆਈ ਇਸ਼ਟ ਦੀ ਕਰ ਪੂਰੀ ਲਿਤੀ ।
ਨਾ ਰਤਾ ਡੁਲਾਈ ਆਤਮਾ ਕਰ ਕੇ ਦੋ ਚਿਤੀ ।
ਨਾ ਕੀਤੀ ਇਸ਼ਕ ਲਗਾ ਕੇ ਅੱਖ ਜਿਨ੍ਹਾਂ ਪਸਿਤੀ ।
ਉਹ ਪੁਰ ਮੰਜ਼ਲ ਤੇ ਪਹੁੰਚਦੇ ਹੋ ਫਿਤੀ ਫਿਤੀ ।

੬੪. ਹੋ ਪੁਰਜੇ ਪੁਰਜੇ ਉਡ ਗਏ ਸਾਰੇ ਅਸਮਾਨੀ ।
ਨਾ ਸਿਦਕ ਡੁਲਾਇਆ ਕੂਕਿਆਂ ਲੈ ਲਈ ਵੈਰਾਨੀ ।
ਨਾ ਅਖ ਝਮਕੀ ਰਤਾ ਵੀ ਤਕ ਮੌਤ ਹੈਰਾਨੀ ।
ਹਸ ਹਸ ਕੇ ਲਾ ਗਏ ਬਾਜੀਆਂ ਜਾਨਾਂ ਦੇ ਦਾਨੀ ।
ਜੋ ਸੂਰੇ ਸਿਰ ਤੇ ਖੇਲਦੇ ਕਰ ਚੋਜ ਤੂਫਾਨੀ ।
ਉਹ ਦੁਨੀਆਂ ਦੇ ਇਤਿਹਾਸ ਨੂੰ ਲਾ ਜਾਣ ਨਿਸ਼ਾਨੀ ।

੬੫. ਇਉਂ ਰਖ ਵਿਖਾਈ ਕੂਕਿਆਂ ਕੁਲ ਆਲਮ ਜਾਣੇ ।
ਸਭ ਤੋਪਾਂ ਹਿੱਕੀ ਝਲੀਆਂ ਸਤਗੁਰ ਦੇ ਭਾਣੇ ।
ਹੈ ਆਨ ਵਿਆਹੀ ਸੰਜੋਗਤਾ ਵਿੰਹਦੇ ਰਹੇ ਰਾਣੇ ।
ਉਨ੍ਹਾਂ ਅਣਖ ਪੁਗਾਈ ਆਖਰੀ ਕਰ ਜ਼ਾਲਮ ਕਾਣੇ ।
ਜੋ ਸੀਸ ਤਲੀ ਤੇ ਰਖਦੇ ਜਗ ਪਾਪ ਮਿਟਾਣੇ ।
ਇਹ 'ਚਾਤਰ' ਸਾਕੇ ਉਨ੍ਹਾਂ ਦੇ ਨਾ ਹੋਣ ਪੁਰਾਣੇ ।

——


Sri Satguru Jagjit Singh Ji eLibrary NamdhariElibrary@gmail.com

## ਦਸਮੇਸ਼ ਉਤਸਵ

ਭੈਣੀ ਸਾਹਿਬ ਵਿਚ ਨਾਮਧਾਰੀ ਹੈਡਕੁਆਰਟਰ ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ) ਵਿਖੇ ਹਰ ਸਾਲ ਵਾਂਗ ਹੀ ਇਸ ਵਾਰ ਵੀ ਦਸਮੇਸ਼ ਆਗਮਨ ਪੁਰਬ ਬਹੁਤ ਹੀ ਸ਼ਰਧਾ ਅਤੇ ਪ੍ਰੇਮ-ਪੂਰਵਕ ਮਨਾਇਆ ਗਿਆ।

ਗਿਆਨ ਮਾਰਤੰਡ ਪੰ: ਗੋਪਾਲ ਸਿੰਘ ਜੀ ਨੇ ਆਪਣੇ ਵਿਆਖਿਆਨ ਦੁਆਰਾ ਸੱਚੇ ਪਾਤਸ਼ਾਹ ਦੇ ਆਗਮਨ ਸਮੇਂ ਦੇ ਭਾਰਤੀ ਸਮਾਜ ਦੇ ਪਤਨ ਬਾਰੇ ਅਤੇ ਦਸਮ ਪਾਤਸ਼ਾਹ ਦੇ ਜੀਵਨ ਦਰਸ਼ਨ ਤੇ ਕੁਰਬਾਨੀਆਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ।

ਸਤਿਗੁਰੂ ਪਰਤਾਪ ਸਿੰਘ ਅਕਾਦਮੀ ਦੇ ਬੱਚਿਆਂ ਨੇ ਦੋ ਵਾਰ ਅਤੇ ਬੱਚੀਆਂ ਨੇ ਇਕ ਵਾਰ ਗੁਰਬਾਣੀ ਦਾ ਮਨੋਹਰ ਕੀਰਤਨ ਪੇਸ਼ ਕੀਤਾ।

ਰਾਤ ਨੂੰ ਸਤਿਗੁਰੂ ਮਹਿਮਾ ਨਮਿਤ ਇਕ ਕਵੀ ਦਰਬਾਰ ਕੀਤਾ ਗਿਆ। ਜਿਸ ਵਿਚ ਪ੍ਰਿੰਸੀਪਲ ਅਜੀਤ ਸਿੰਘ ਜੀ ਚੀਮਾ, ਸੁਰਜੀਤ ਖ਼ੁਰਸ਼ੀਦੀ, ਰਣਧੀਰ ਸਿੰਘ ਧੀਰਾ, ਸੁਖਜੀਤ ਸਰਪੰਚ ਅਤੇ ਹੋਰ ਹਾਜ਼ਰ ਕਵੀਆਂ ਨੇ ਗੁਰੂ ਮਹਿਮਾ ਵਿਚ ਕਵਿਤਾਵਾਂ ਸੁਣਾਈਆਂ। ਇਸ ਖੁਸ਼ੀ ਦੇ ਅਵਸਰ ਤੇ ਸੰਗਤਾਂ ਵਿਚ ਫ਼ਲ ਵਰਤਾਏ ਗਏ।

## ਸੰਗੀਤ ਕਲਾ ਮੰਚ ਜਲੰਧਰ ਦਾ ੨੫ਵਾਂ ਸੰਗੀਤ ਸੰਮੇਲਨ ੧੩ ਮਾਰਚ ਨੂੰ

ਸੰਗੀਤ ਕਲਾ ਮੰਚ (ਰਜਿ:) ਜਲੰਧਰ ਦੇ ਸਕੱਤਰ ਪ੍ਰੋ: ਜੋਗਿੰਦਰ ਬਾਵਰਾ ਨੇ ਸੂਚਿਤ ਕੀਤਾ ਹੈ ਕਿ ੨੫ਵਾਂ ਸੰਗੀਤ ਸੰਮੇਲਨ ੧੩ ਮਾਰਚ ਐਤਵਾਰ ਨੂੰ ਕਪੂਰਥਲਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਿਚ ਬੰਬਈ ਦੇ ਡਾ: ਪ੍ਰਕਾਸ਼ ਸੰਗੀਤ (ਗਾਇਨ), ਗਵਾਲੀਅਰ ਦੀ ਕੁਮਾਰੀ ਸ਼ਸ਼ਵਤੀ ਮੰਡਲ (ਗਾਇਨ), ਸ੍ਰੀ ਰਮਾ ਕਾਂਤ (ਤਬਲਾ), ਸ੍ਰੀ ਅਸ਼ਵਨੀ ਕੁਮਾਰ (ਬਾਂਸੁਰੀ), ਸ੍ਰੀ ਤਿਲਕ ਰਾਜ (ਤਬਲਾ), ਸ੍ਰੀ ਕੀਮਤੀ ਲਾਲ (ਗਜ਼ਲ) ਅਤੇ ਕਈ ਹੋਰ ਕਲਾਕਾਰ ਆਪਣੇ ਮਧੁਰ ਸੰਗੀਤ ਦੁਆਰਾ ਸੰਗੀਤ ਸਮਰਾਟ ਨੂੰ ਸ਼ਰਧਾਂਜਲੀ ਅਰਪਨ ਕਰਨਗੇ। ਸ੍ਰੀ ਗਿਆਨ ਸਿੰਘ ਸੰਧੂ ਆਈ.ਏ.ਐਸ. ਡਿਪਟੀ ਕਮਿਸ਼ਨਰ ਕਪੂਰਥਲਾ ਸਭਾਪਤੀ ਹੋਣਗੇ।

## ਵਾਤਾਵਰਣ ਦੀ ਨਿਰਮਲਤਾ ਤੇ ਸਿਹਤ ਬਾਰੇ ਵਿਚਾਰ-ਚਰਚਾ

ਬੀਤੇ ਦਿਨੀਂ ਪੰਜਾਬ ਮੈਡੀਕਲ ਇੰਸਟੀਚਿਊਟ ਆਫ ਇਲੈਕਟਰੋਪੈਥਿਕ ਮੈਡੀਸਨ ਜਲੰਧਰ, ਵਲੰਟਰੀ ਹੈਲਥ ਐਸੋਸੀਏਸ਼ਨ ਆਫ ਪੰਜਾਬ ਅਤੇ ਪੰਜਾਬੀ ਸੱਥ ਵਲੋਂ ਵਾਤਾਵਰਣ ਅਤੇ ਸਿਹਤ ਸਬੰਧੀ ਇਕ ਵਿਚਾਰ ਚਰਚਾ ਦਾ ਆਯੋਜਨ ਗੁਰੂ ਨਾਨਕ ਜ਼ਿਲ੍ਹਾ ਲਾਇਬਰੇਰੀ ਜਲੰਧਰ ਵਿਚ ਕੀਤਾ ਗਿਆ। ਇਸ ਵਿਚਾਰ ਚਰਚਾ ਦੀ ਪ੍ਰਧਾਨਗੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ: ਜਗਦੀਸ਼ ਸਿੰਘ ਵਰਿਆਮ ਨੇ ਕੀਤੀ। ਵਿਚਾਰ ਚਰਚਾ ਦੀ ਸ਼ੁਰੂਆਤ ਜਗਰੂਪ ਸਿੰਘ ਦੇ ਪਰਚੇ ਨਾਲ ਹੋਈ। ਉਸ ਨੇ ਵਾਤਾਵਰਣ ਅਤੇ ਸਿਹਤ ਦੇ ਸਬੰਧਾਂ ਨੂੰ ਅੰਕੜਿਆਂ ਅਤੇ ਸੰਕਲਪਾਂ ਦੇ ਆਧਾਰ 'ਤੇ ਉਜਾਗਰ ਕੀਤਾ। ਡਾ: ਨਿਰਮਲ ਸਿੰਘ ਨੇ ਮਨੁੱਖ ਦੇ ਕੁਦਰਤ ਤੋਂ ਦੂਰ ਜਾਣ ਦੇ ਖਤਰਨਾਕ ਰੁਝਾਨ ਸਬੰਧੀ ਚਰਚਾ ਕੀਤੀ ਅਤੇ ਤਰੱਕੀ ਦੀ ਅੰਨ੍ਹੀਂ ਦੌੜ ਨੂੰ ਘਟਾ ਕੇ ਕੁਦਰਤ ਨਾਲ ਜੁੜਨ ਸਬੰਧੀ ਚਰਚਾ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੌਮੀ ਸੇਵਾ ਯੋਜਨਾ ਦੇ ਅਧਿਕਾਰੀ ਸ: ਗੁਰਬਚਨ ਸਿੰਘ ਬਚਨ ਨੇ ਵਾਤਾਵਰਣ ਨੂੰ ਨਿਰਮਲ ਰੱਖਣ ਸਬੰਧੀ ਠੋਸ ਸੁਝਾਅ ਦਿਤੇ। ਗੁਰਮੀਤ ਸਿੰਘ ਪਲਾਹੀ ਨੇ ਵਾਤਾਵਰਣ ਦੀ ਸ਼ੁੱਧਤਾ ਬਾਰੇ ਚੇਤਨਾ ਪੈਦਾ ਕਰਨ ਦੇ ਨਾਲ ਨਾਲ ਅਮਲੀ ਕਦਮ ਚੁੱਕਣ ਲਈ ਕਈ ਨਿੱਗਰ ਗੱਲਾਂ ਕੀਤੀਆਂ। ਡਾ: ਹਰਜੀਤ ਸਿੰਘ ਨੇ ਤਿੰਨਾਂ ਸੰਸਥਾਵਾਂ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ। ਇਸ ਮੌਕੇ 'ਤੇ ਪ੍ਰਸਿਧ ਵਾਤਾਵਰਣ ਵਿਗਿਆਨੀ ਸਵਰਗੀ ਤਰਲੋਚਨ ਸਿੰਘ ਭਾਟੀਆ ਨੂੰ ਬੜੀ ਸ਼ਿੱਦਤ ਨਾਲ ਚੇਤੇ ਕੀਤਾ ਗਿਆ।

ਪੰਜਾਬ ਮੈਡੀਕਲ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਵਿਚਾਰ ਚਰਚਾ ਵਿਚ ਕਈ ਗੰਭੀਰ ਸਵਾਲ ਉਠਾਏ।

ਪ੍ਰਧਾਨਗੀ ਭਾਸ਼ਨ ਕਰਦਿਆਂ ਸ: ਜਗਦੀਸ਼ ਸਿੰਘ ਵਰਿਆਮ ਨੇ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰ ਲਗਾਤਾਰ ਹੋਣੇ ਚਾਹੀਦੇ ਹਨ। ਵਲੰਟਰੀ ਹੈਲਥ ਐਸੋਸੀਏਸ਼ਨ ਆਫ ਪੰਜਾਬ ਦੇ ਪ੍ਰਧਾਨ ਮਨਮੋਹਨ ਸ਼ਰਮਾ ਨੇ ਆਖਿਆ ਕਿ ਇਹ ਸੰਸਥਾ ਇਸ ਤਰ੍ਹਾਂ ਦੇ ਜਤਨ ਕਰਦੀ ਰਹੇਗੀ। ਅੰਤ ਵਿਚ ਪੰਜਾਬ ਮੈਡੀਕਲ ਇੰਸਟੀਚਿਊਟ ਆਫ ਇਲੈਕਟਰੋਪੈਥਿਕ ਮੈਡੀਸਨ ਦੇ ਪ੍ਰਿੰਸੀਪਲ ਡਾ: ਜੇ. ਐਸ. ਚਾਵਲਾ ਨੇ ਵਿਚਾਰ ਚਰਚਾ ਵਿਚ ਹਿੱਸਾ ਲੈਣ ਵਾਲੇ ਵਿਦਵਾਨਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। —ਨਿਰੰਜਨ ਸਿੰਘ ਢੇਸੀ



Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ (੪)

ਸ੍ਰੀ ਪ੍ਰੀਤਮ ਸਿੰਘ ਕਵੀ ਲਿਖਿਤ ਬੀਤੇ ਦੀਆਂ ਪੈੜਾਂ ਦੀ ਚੌਥੀ ਸੈਂਚੀ ਵਿਚ ੨ ਜਨਵਰੀ ੧੯੭੯ ਤੋਂ ੨੯ ਜੂਨ ੧੯੭੯ ਤਕ ਲਗਪਗ ਛੇ ਮਹੀਨਿਆਂ ਦਾ ਸਮਾਂ ੩੩੮ ਪੰਨਿਆਂ ਵਿਚ ਫੈਲਦਾ ਹੈ। ਕਵੀ ਜੀ ਦੀ ਲੇਖਣੀ ਅਤੇ ਬੀਤੇ ਦੀਆਂ ਪੈੜਾਂ ਦੀ ਵਸਤੂ ਸਮਗਰੀ ਅਤੇ ਲਿਖਣ ਵਿਧਾ ਤੋਂ ਪਾਠਕ ਭਲੀ ਪ੍ਰਕਾਰ ਜਾਣੂ ਹਨ। ਹਥਲੀ ਪੁਸਤਕ ਉਸੇ ਦਾ ਪਸਾਰ ਹੈ। ਪ੍ਰਿੰਸੀਪਲ ਮਹਿੰਦਰ ਕੌਰ ਦੀ ਲਿਖੀ ਭੂਮਿਕਾ ਤੇ ਦਿਤਾ ਸਿਰਲੇਖ ਬਹੁਤ ਸਾਰਥਕ ਹੈ, "ਪੈੜ ਜੋ ਮੁੱਕਦੀ ਨਹੀਂ"। ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ੋਭਾ ਮੰਡਲ ਦੀ ਪ੍ਰਕਰਮਾ ਕਰਦੀਆਂ ਇਹਨਾਂ ਪੈੜਾਂ ਬਾਰੇ ਮਹਿੰਦਰ ਕੌਰ ਜੀ ਲਿਖਦੇ ਹਨ "ਇਸ ਰਚਨਾ ਵਿਚ ਇਤਿਹਾਸਕ ਅੰਸ਼ ਹਨ ਜੀਵਨ-ਆਤਮਕ ਵੇਰਵੇ ਹਨ। ਤਾਰੀਖਾਂ ਸੰਨ ਰੱਖਣ ਕਰਕੇ ਡਾਇਰੀ ਵੀ ਦਿਖ ਰਹੀ ਹੈ। ਸਤਿਗੁਰਾਂ ਦੇ ਬਚਨਾਂ ਦਾ ਮਜਮੂਆ ਹੋਣ ਕਰਕੇ ਬਚਨਾਵਲੀ ਹੈ। ਇਤਿਹਾਸਕ ਹਸਤੀਆਂ ਦੇ ਸਥਿਤੀ ਵਿਸ਼ੇਸ਼ ਨਾਲ ਜੁੜੇ ਬਿਤਰਾਂਤ-ਟੋਟੇ ਰਖਣ ਕਰਕੇ ਸਾਹਿਤ ਦੇ ਨੇੜੇ ਹੈ। ਜ਼ਾਹਿਰ ਹੈ ਕਿ ਇਸ ਰਚਨਾ ਦੀ ਵਿਸ਼ੇਸ਼ਤਾ ਇਸ ਦੀ ਮਿਸ਼ਰਤ ਸ਼ੈਲੀ ਕਰਕੇ ਹੈ।"

ਇਹਨਾਂ ਛੇ ਮਹੀਨਿਆਂ ਵਿਚ ਲੇਖਕ ਜਦੋਂ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਪਰਕ ਮੰਡਲ ਵਿਚ ਰਿਹਾ ਉਸ ਸਮੇਂ ਬਾਰੇ ਸਤਿਗੁਰਾਂ ਨਾਲ ਸਬੰਧਤ ਵੇਰਵੇ ਤਾਂ ਹਨ ਹੀ ਸਗੋਂ ਸਤਿਗੁਰਾਂ ਦੇ ਆਲੇ-ਦੁਆਲੇ ਰਹਿਣ ਵਾਲੇ ਵਿਅਕਤੀਆਂ ਬਾਰੇ ਜਾਣਕਾਰੀ ਵੀ ਹੈ। ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਲਖਨਊ ਵਿਚ ਬੜੀ ਸੱਜਧੱਜ ਨਾਲ ਹੋਇਆ ਸੀ ਅਤੇ ਪੂਰੇ ਦੇਸ ਵਿਚ ਇਸ ਦੀ ਪ੍ਰਸਿਧੀ ਹੋਈ ਸੀ। ਉਸ ਦਾ ਵੇਰਵਾ ਇਸ ਪੁਸਤਕ ਵਿਚ ਪੜ੍ਹ ਕੇ ਇਉਂ ਲਗਦਾ ਹੈ ਕਿ ਘੜੀ ਦੀਆਂ ਸੂਈਆਂ ਪੰਦਰਾਂ ਸਾਲ ਪਿਛਾਂਹ ਘੁਮਾ ਕੇ ਜਾਂ ਹੁਣ ਤੋਂ ਪੰਦਰਾਂ ਸਾਲ ਛੋਟੇ ਭਾਵ ਜਵਾਨ ਹੋ ਕੇ ਅਸੀਂ ਲਖਨਊ ਦੇ ਰਾਵਿੰਦ੍ਰਾਲਯ ਹਾਲ ਵਿਚ ਬੈਠੇ ਭਾਰਤ ਦੇ ਚੋਟੀ ਦੇ ਕਲਕਾਰਾਂ ਨਾਲ ਇਕਮਿਕ ਹੋਈਏ। ਕਿਤੇ ਕਲਾ ਦੀ ਗੱਲ ਕਿਤੇ ਸਮਾਜ ਦੀ ਗੱਲ ਕਿਤੇ ਇਤਿਹਾਸਕ ਹਸਤੀਆਂ, ਪ੍ਰਧਾਨ ਮੰਤਰੀਆਂ ਤੇ ਲੀਡਰਾਂ ਨਾਲ ਮੁਲਾਕਾਤਾਂ ਕਰਾਉਂਦੀਆਂ ਸਮੁੰਦਰਾਂ ਥਲਾਂ ਪਹਾੜਾਂ ਦੀਆਂ ਸੈਰਾਂ ਕਰਾਉਂਦੀਆਂ ਇਹ ਪੈੜਾਂ ਸਦਾ ਚਲਦੀਆਂ ਰਹਿੰਦੀਆਂ ਹਨ।

ਪੁਸਤਕ ਦੇ ਅੰਦਰਲੇ ਟਾਈਟਲ ਤੇ ਪੁਸਤਕ ਬਾਰੇ ਲਿਖਿਆ ਹੈ "ਅੱਖੀਂ ਡਿਠੀ ਕੰਨੀਂ ਸੁਣੀ ਰੋਚਿਕ ਗੁਰੂ ਗਾਥਾ। ਨਾਮਧਾਰੀ ਸਮਾਜ ਦੇ ਅਨੇਕਾਂ ਸਿਖਾਂ, ਸ਼ਰਧਾਲੂਆਂ ਅਤੇ ਹੋਰ ਨੇੜਿਓਂ ਤੱਕੇ ਅਲੌਕਿਕ ਚਰਿੱਤਰਾਂ ਦਾ ਮਨ ਮਲਵਾਂ ਵਰਣਨ"।

ਇਸ ਕੱਥਨ ਵਿਚ ਫਰਕ ਸਿਰਫ ਏਨਾ ਹੈ ਕਿ ਇਹ ਅਲੌਕਿਕ ਚਰਿਤਰਾਂ ਦਾ ਨਹੀਂ ਸਗੋਂ ਲੌਕਿਕ ਚਰਿਤਰਾਂ ਦਾ ਵਰਣਨ ਹੈ ਜਿਨ੍ਹਾਂ ਨੂੰ ਪ੍ਰੀਤਮ ਸਿੰਘ ਕਵੀ ਜੀ ਦੀ ਸ਼ੈਲੀ ਅਲੌਕਿਕਤਾ ਪ੍ਰਦਾਨ ਕਰਦੀ ਹੈ। ਪੁਸਤਕ ਦੇ ਸ਼ੁਰੂ ਵਿਚ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਾਲੀ ਚਿਟੀ ਤਸਵੀਰ ਸਾਦਗੀ ਅਤੇ ਸੁਹੱਪਣ ਦੀ ਮੂਰਤ ਵਜੋਂ ਅੱਖਾਂ ਤ੍ਰਿਪਤ ਕਰਦੀ ਹੈ।

ਸੰਨ ੧੯੯੩ ਵਿਚ ਪ੍ਰਕਾਸ਼ਤ ਇਹ ਪੁਸਤਕ ਪ੍ਰੀਤਮ ਸਿੰਘ ਕਵੀ ਸਾਹਿਤ ਪ੍ਰਕਾਸ਼ਨ ਜੇ-੩/੧੯੯-ਏ ਰਾਜ਼ੌਰੀ ਗਾਰਡਨ ਨਵੀਂ ਦਿਲੀ ੧੧੦੦੨੭ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਜਨਤਕ ਪਰੈਸ ਚਾਂਦਨੀ ਚੌਕ ਦੇ ਮਸ਼ਹੂਰ ਛਾਪੇਖਾਨੇ ਵਿਚ ਛੱਪੀ ਹੈ। ਮੁਲ ਸਾਧਾਰਨ ਜਿਲਦ ੬੫ ਰੁਪਏ ਲਾਇਬਰੇਰੀ ਐਡੀਸ਼ਨ ੧੫੦ ਰੁਪਏ।

ਜ. ਸ.

## ਕਾਮਾ ਗਾਟਾ ਮਾਰੂ ਜਹਾਜ਼ ਦੀਆਂ ਤਸਵੀਰਾਂ ਭੇਟ

ਜਲੰਧਰ, ੨੭ ਦਸੰਬਰ—ਕਲ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਟੁੰਭਵੇਂ ਮਾਹੌਲ ਵਿਚ ਵੈਨਕੂਵਰ ਸਥ' ਵਲੋਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕਤਰ ਬਾਬਾ ਭਗਤ ਸਿੰਘ ਬਿਲਗਾ ਨੂੰ ਕਾਮਾਗਾਟਾ ਮਾਰੂ ਜਹਾਜ਼ ਸਾਕੇ ਦੀਆਂ ੧੮ ਤਸਵੀਰਾਂ ਭੇਟ ਕੀਤੀਆਂ ਗਈਆਂ। ਇਹ ਤਸਵੀਰਾਂ ਵੈਨਕੂਵਰ ਤੋਂ ਛਪਦੇ ਤ੍ਰੈਮਾਸਕ 'ਵਤਨ' ਦੇ ਸੰਪਾਦਕ ਸੁਖਵੰਤ ਹੁੰਦਲ ਅਤੇ ਮੈਨੇਜਰ ਅਮਨ ਪਾਲ ਸਾਰਾ ਨੇ ਭੇਟ ਕੀਤੀਆਂ। ਇਸ ਮੌਕੇ 'ਤੇ ਪ੍ਰਸਿਧ ਨਾਵਲਿਸਟ ਗਿਆਨੀ ਕੇਸਰ ਸਿੰਘ, ਸ਼ਰੋਮਣੀ ਪੱਤਰਕਾਰ ਬਾਬਾ ਗੁਰਬਖਸ਼ ਸਿੰਘ ਬੰਨੋਆਣਾ, ਪੰਜਾਬੀ ਲੇਖਕ ਸਭਾ ਜਲੰਧਰ ਦੇ ਪ੍ਰਧਾਨ ਸ: ਜਗਦੀਸ਼ ਸਿੰਘ ਵਰਿਆਮ, ਉਘੇ ਕਹਾਣੀਕਾਰ ਪ੍ਰੋ. ਵਰਿਆਮ ਸਿੰਘ ਸੰਧੂ, ਦੇਸ਼ ਭਗਤ ਯਾਦਗਾਰ ਕਮੇਟੀ ਸਭਿਆਚਾਰਕ ਵਿੰਗ ਦੇ ਹਰਮੀਤ ਸਿੰਘ ਔਜਲਾ ਐਡਵੋਕੇਟ ਬਲਵੀਰ ਸਿੰਘ ਬਾਸੀ ਐਡਵੋਕੇਟ, ਪ੍ਰੋ. ਅਵਤਾਰ ਜੌੜਾ, ਕਾਮਰੇਡ ਨੌਨਿਹਾਲ ਸਿੰਘ, *ਵਿਸ਼ਵ ਵਾਰਤਾ* ਦੇ ਸੰਪਾਦਕ ਦਵਿੰਦਰਜੀਤ ਸਿੰਘ ਦਰਸ਼ੀ ਆਦਿ ਮੌਜੂਦ ਸਨ।


Sri Satguru Jagjit Singh Ji eLibrary NamdhariElibrary@gmail.com

# ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ

ਮਹਿੰਦਰ ਸਿੰਘ ਸਰਨਾ ਦੀਆਂ ਕਹਾਣੀਆਂ ਕਦੇ ਕਦਾਈਂ ਮੈਗਜ਼ੀਨਾਂ ਵਿਚੋਂ ਹੀ ਪੜੀਆਂ ਸਨ। ਲਗਦਾ ਸੀ ਇਹ ਬੰਦਾ ਸਤ ਪੜਦਿਆਂ ਪਿਛੇ ਬਹਿ ਕੇ ਲਿਖਦਾ ਹੈ। ਕਦੇ ਵੀ ਨਹੀਂ ਇਹ ਲੇਖਕ ਵੇਖਿਆ। ਸ਼ਾਇਦ ਲੋਕਾਂ ਦੀ ਭੀੜ ਤੋਂ ਬਚਕੇ ਰਹਿੰਦਾ ਹੈ। ਪਰ ਸਰਨਾ ਸਾਹਿਬ ਦੀ ਗਲ ਹਮੇਸ਼ਾ ਮਨ ਤੇ ਅਸਰ ਕਰਦੀ ਰਹੀ। ਸ਼ਬਦਾਵਲੀ,ਕਥਾ ਜੁਗਤ, ਗਲ ਲੁਕਾਉਣ ਤੇ ਪਰਗਟ ਕਰਨ ਦਾ ਢੰਗ ਵਿਸ਼ਾ ਵਸਤੂ ਸਭ ਕੁਝ ਪਰਭਾਵਿਤ ਕਰਦਾ ਰਿਹਾ।

ਪਿਛੇ ਜਿਹੇ ਆਰਸੀ ਪਬਲਿਸ਼ਰਜ਼ ਵਾਲੇ ਸ: ਗੁਰਬਚਨ ਸਿੰਘ ਹੋਰਾਂ ਸਰਨਾ ਸਾਹਿਬ ਦੀ ਪੁਸਤਕ "ਔਰਤ ਈਮਾਨ" ਪੜ੍ਹਣ ਨੂੰ ਦਿਤੀ। ਇਕ ਸੌ ਅਠਵੰਜਾਂ ਸਫਿਆਂ ਦੀ ਇਸ ਕਿਤਾਬ ਵਿਚ ਇਕੀ ਕਹਾਣੀਆਂ ਹਨ। ਉਹ ਪੜੀਆਂ, ਜਾਂ ਕਹਿ ਲਵੋ ਪੁਸਤਕ ਨੇ ਬਦੋ ਬਦੀ ਪੜਵਾ ਲਈਆਂ। ਉਸ ਤੋਂ ਬਾਅਦ ਇਕ ਹੋਰ ਵਡੀ ਪੁਸਤਕ ਭਾਪਾ ਪ੍ਰੀਤਮ ਸਿੰਘ ਹੋਰਾਂ ਦਿਤੀ 'ਮੇਰੀਆਂ ਚੋਣਵੀਆਂ ਕਹਾਣੀਆਂ। ਇਕੋ ਜਿਲਦ ਵਿਚ ਲੇਖਕ ਦੀ ਅਪਣੀ ਚੋਣ ਦੀਆਂ ੮੦ ਕਹਾਣੀਆਂ। ਸ਼ਾਨਦਾਰ ਜਿਲਦ ਵਧੀਆ ਕਾਗਜ਼ ਤੇ ਕੰਪਿਊਟਰ ਦੀ ਛਪਾਈ ਤੇ ੫੧੧ ਸਫੇ। ਪੁਸਤਕ ਵੇਖਦਿਆਂ ਫੋਲਣ ਤੇ ਜੀਅ ਕਰ ਆਵੇ। ਇਹ ਕਹਾਣੀਆਂ ਪੜਣੀਆਂ ਨਿਤ ਦਾ ਹੀ ਨੇਮ ਬਣ ਗਿਆ। ਕਹਾਣੀਆਂ ਦੋਸਤਾਂ ਮਿਤਰਾਂ ਪੜੀਆਂ, ਬਚਿਆਂ ਨੇ ਪੜੀਆਂ, ਸਾਹਿਤ ਨਾਲ ਰੁਚੀ ਵਾਲਿਆਂ ਪੜੀਆਂ ਅਤੇ ਆਮ ਬੰਦਿਆਂ ਨੇ। ਸਾਰੇ ਸੁਆਦ ਸੁਆਦ ਹੋ ਜਾਣ। ਸਭ ਨੂੰ ਟੁੰਬਿਆ। ਕਹਾਣੀਆਂ ਪੜਦਿਆਂ ਕਦੇ ਤਾਂ ਬੁਲਾਂ ਤੇ ਮੁਸਕਣੀ ਆ ਜਾਵੇ ਕਦੇ ਅਖਾਂ ਵਿਚ ਗਲੇਡੂ। ਕਹਾਣੀਆਂ ਦੀ ਬੋਲੀ ਮਾਂਜੀ ਸਵਾਰੀ ਵਿਸ਼ੇ ਸਾਰੇ ਸਮਾਜੀ ਵਰਤਾਰਿਆਂ। ਤੇ ਉਂਗਲ ਧਰਦੇ। ਸਾਫ ਸੁਥਰਾ ਸਾਤਵਿਕ ਸਾਹਿਤ। ਚੰਗੀ ਕਿਰਤ ਦਾ ਸਬੂਤ ਇਹ ਹੀ ਹੁੰਦਾ ਹੈ ਕਿ ਪੜ੍ਹਣ ਤੋਂ ਬਾਅਦ ਤੁਹਾਡੇ ਮਨ ਵਿਚ ਕੋਈ ਤਬਦੀਲੀ ਆਈ ਹੋਵੇ। ਤੁਸੀਂ ਸਮਝੋ ਕਿ ਕੁਝ ਪ੍ਰਾਪਤ ਹੋ ਗਿਆ ਹੈ।

ਕਹਾਣੀਆਂ ਪੜ੍ਹਦਿਆਂ ਮਹਿਸੂਸ ਹੋਇਆ ਕਿ ਸਾਹਿਤ ਬੰਦੇ ਦੀ ਸੋਚ ਨੂੰ ਬਦਲਣ ਦੀ ਸ਼ਕਤੀ ਰਖਦਾ ਹੈ। ਇਹ ਅਨੰਦ ਹੀ ਨਹੀਂ ਦਿੰਦਾ ਪ੍ਰੇਰਦਾ ਵੀ ਹੈ। ਨਵਯੁਗ ਵਾਲੇ ਅਜਿਹੀਆਂ ਪੁਸਤਕਾਂ ਛਾਪ ਰਹੇ ਹਨ ਜਿਸ ਵਿਚ ਲੇਖਕਾਂ ਦੀਆਂ ਸਮੁਚੀਆਂ ਜਾਂ ਪ੍ਰਤੀਨਿਧ ਰਚਨਾਵਾਂ ਸਮੋਈਆਂ ਹੁੰਦੀਆਂ ਹਨ। ਇਹ ਵਡੀ ਪੁਲਾਂਘ ਹੈ। ਪਾਠਕ ਨੂੰ ਵੀ ਇਕ ਥਾਂ ਰਚਨਾ ਮਿਲ ਜਾਂਦੀ ਹੈ। ਇਸ ਰੂਪ ਵਿਚ ਸਰਨਾ ਦੀਆਂ ਕਹਾਣੀਆਂ ਪੁਜਣੀਆਂ ਬਹੁਤ ਸੁਆਗਤਯੋਗ ਗਲ ਹੈ।

ਸਾਹਿਤਕ ਪੁਸਤਕਾਂ ਦੀਆਂ ਦੁਕਾਨਾਂ ਤੋਂ ਇਹ ਪੁਸਤਕਾਂ ਮਿਲ ਜਾਂਦੀਆਂ ਹਨ। ਉਂਜ ਪਹਿਲੀ ਪੁਸਤਕ ਔਰਤ ਈਮਾਨ ਦਾ ਮੁਲ ਹੈ ੧੨੦ ਰੁਪਏ ਅਤੇ ਪ੍ਰਕਾਸ਼ਕ ਦਾ ਪਤਾ ਹੈ :—ਆਰਸੀ ਪਬਲਿਸ਼ਰਜ਼ ਚਾਂਦਨੀ ਚੌਕ ਦਿੱਲੀ-੬। ਦੂਸਰੀ ਵੱਡੀ ਪੁਸਤਕ ੨੫੦/- ਦੀ ਹੈ ਪ੍ਰਕਾਸ਼ਕ ਦਾ ਸਿਰਨਾਵਾਂ ਹੈ, "ਨਵਯੁਗ ਪਬਲਿਸ਼ਰਜ਼ K-੨੪ ਹੌਜ਼ ਖਾਸ ਨਵੀਂ ਦਿਲੀ।

—ਜਗਦੀਸ਼ ਸਿੰਘ

## ਸ: ਬਚਨ ਸਿੰਘ ਕਲਸੀ ਦੇ ਸਪੁਤਰ ਦਾ ਅਨੰਦ ਕਾਰਜ

ਬੰਬਈ ਨਿਵਾਸੀ ਸ: ਬਚਨ ਸਿੰਘ ਕਲਸੀ ਦੇ ਸਪੁੱਤਰ ਕਾਕਾ ਅਮਰੀਕ ਸਿੰਘ ਦਾ ਅਨੰਦ ਕਾਰਜ ਬੀਬੀ ਰਾਵਿੰਦਰ ਕੌਰ ਸਪੁਤਰੀ ਸ: ਕੇਸਰ ਸਿੰਘ ਦਿਲੀ ਨਾਲ ਪਿਛਲੇ ਦਿਨੀਂ ਦਿਲੀ ਵਿਖੇ ਹੋਇਆ। ਇਸ ਖੁਸ਼ੀ ਵਿਚ 'ਵਰਿਆਮ' ਨੂੰ ਇਕ ਸੌ ਰੁਪਿਆ ਭੇਟ ਕੀਤਾ ਗਿਆ।

## ਸੰਤ ਗੁਰਬਖਸ਼ ਸਿੰਘ ਮਿੰਟਗੁਮਰੀ ਵਾਲੇ

ਰੌਸ਼ਨ ਆਰਾ ਰੋਡ ਦਿੱਲੀ ਨਿਵਾਸੀ ਸੰਤ ਗੁਰਬਖਸ਼ ਸਿੰਘ ਜੀ ਨਮਿਤ ੧੪ ਨਵੰਬਰ ੧੯੯੩ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭੋਗ ਪਿਆ ਇਸ ਸਮੇਂ ਵਰਿਆਮ ਨੂੰ ੨੫੦/- ਭੇਟ ਕੀਤੇ।

## ਜਥੇਦਾਰ ਸੇਵਾ ਸਿੰਘ ਮਲੇਹ ਵਾਲੇ

ਵਿਸ਼ਵਕਰਮਾ ਦਿਵਸ ਤੇ ਜਥੇਦਾਰ ਸੰਤ ਸੇਵਾ ਸਿੰਘ ਮਲੇਹ ਵਾਲੇ ਰਮੇਸ਼ ਨਗਰ ਦਿੱਲੀ ਵਲੋਂ ਵਰਿਆਮ ਨੂੰ ੯੦ ਰੁਪਏ ਭੇਜੇ ਗਏ। ਬਦਸਤ ਸੰਤ ਸਤਨਾਮ ਸਿੰਘ ਦਿੱਲੀ।

## ਸੰਤ ਏਕਮ ਸਿੰਘ ਬਰਮਿੰਘਮ ਯੂ. ਕੇ,

ਬਰਮਿੰਘਮ (ਯੂ. ਕੇ.) ਵਿਚ ਰਹਿੰਦੇ ਮਸ਼ਹੂਰ ਬਜ਼ੁਰਗ ਨਾਮਧਾਰੀ ਨੇਤਾ ਸੰਤ ਏਕਮ ਸਿੰਘ ਹੋਰਾਂ ਵਲੋਂ ਵਰਿਆਮ ਵਾਸਤੇ ੧੫੦/- ਭੇਟਾ ਭੇਜੀ ਹੈ। (ਮਾਸਟਰ ਨਿਹਾਲ ਸਿੰਘ ਜੀ ਰਾਹੀਂ)


Sri Satguru Jagjit Singh Ji eLibrary NamdhariElibrary@gmail.com

ALWAYS INSIST UPON MEX




SWITCHGEARS &
MOTOR STARTERS
FOR PERFECT AND
TROUBLE-FREE
PERFORMANCE




MEX SWITCHGEARS PVT. LTD
REGD OFFICE 9TH KILOMETER, PATHANKOT ROAD, JALANDHAR.
PHONES. 72116, 76572 72118

ਵਰਿਆਮ ਲਈ ਸ਼ੁਭ ਇਛਾਵਾ :

ਸ. ਅਜੀਤ ਸਿੰਘ ਨਾਮਧਾਰੀ

ਨਾਮਧਾਰੀ ਬ੍ਰਦਰਜ਼, ਡਾਲਟਨ ਗੰਜ (ਬਿਹਾਰ)

**Namdhari Brothers**

**DALTON GANJ (Bihar)**

Prop. : S. AJIT SINGH NAMDHARI

TRADE **OSTER KNIT** MARK

**Top in Fashion Craze Knit**

Manufacturers :

Gents Pullovers, Ladies Cardigon in
Pure Wool and Summer Garments
in Acryl Fabrics

***UDEY KNITWEARS***

Street No. 3, Jammu Colony,
LUDHIANA-3.

Hello : Off. 36349, 405338, Resi. 32449

Grams : "Udey Knitwears"




Sri Satguru Jagjit Singh Ji eLibrary NamdhariElibrary@gmail.com

JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

## ਪਾਠਕਾਂ ਲਈ ਬੇਨਤੀ

੧. ਤੁਹਾਨੂੰ ਵਰਿਆਮ ਠੀਕ ਸਮੇਂ ਪਹੁੰਚ ਰਿਹਾ ਹੈ ਜਾਂ ਨਹੀਂ। ਇਸ ਬਾਰੇ ਚਿਠੀ ਰਾਹੀਂ ਸੂਚਨਾ ਦੇ ਕੇ ਧੰਨਵਾਦੀ ਬਣਾਓ।

੨. ਵਰਿਆਮ ਵਿਚ ਛਪਦੀ ਸਾਮਗਰੀ ਤੁਹਾਨੂੰ ਕਿਵੇਂ ਦੀ ਲਗਦੀ ਹੈ ਇਸ ਬਾਰੇ ਵੀ ਲਿਖੋ ਅਤੇ ਆਪਣੇ ਸੁਝਾਓ ਵੀ ਲਿਖੋ।

੩. ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸਜਣਾਂ ਨੂੰ ਵਰਿਆਮ ਦੇ ਗ੍ਰਾਹਕ ਬਨਣ ਵਾਸਤੇ ਪ੍ਰੇਰੋ। —ਮੈਨੇਜਰ

GOLD MEDAL WINNER
JAYSON®
ELECTRIC MOTORS
FOR Agriculture, Domestic and Industrial Uses

(1982-1983)

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
Jayson Electric Co. (Regd.)
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634



Sri Satguru Jagjit Singh Ji eLibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

pecialists in : 'A' Class Decoration for
Marriages Parties & Govt. Functions

## Namdhari Tent House

53, Hamidia Road Near Alpana Talkies,
BHOPAL (M.P.)

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU
## IRON INDUSTRIES

Sugar Mill Spares, Paper & Boards Mill
Spares, Textile Mill Spares, Distillery
Spares & Solvent Plant Spares
All Type of Gear & Chain Sprockets &
Industrial Chain

Partner : S. Puran Singh Saggu
**Old Railway Road, JALANDHAR.**

Phone : 61040
Code : 01824

For Fitting Diesel Engines in Foreign and Indian Cars bodies Contact

# Amarjit Motor Garage

**G.T. Road, Opp. Jalandhar Octroi Post,**
**P H A G W A R A (Pb.)**
**Specialists in :**
**Mercedes-Benz Car Repairing**



Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM JANUARY 1994
Ladowali Raod. Jalandhar-144001
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
" : 2510346
Resi. : 6845441

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Sri Satguru Jagjit Singh Ji eLibrary NamdhariElibrary@gmail.com